# ਕੈਨੇਡਾ ਦਰਪਣ

ਜੁਲਾਈ 15-30, 1988

**July 15-30, 1988**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

JULY 15-30, 1988 Vol. 07, No. 19 Out of Greater Vancouver 75¢ Second Class Mail Reg. No. 5991

ਕੈਨੇਡਾ ਦਰਪਣ

The Canada Darpan The Punjabi Newspaper

Ph. (604) 581-4473
P.O.BOX 265, Surrey, B.C. V3T 4W8

## ਸੁੱਖੇ ਸਿਪਾਹੀ ਦੇ ਮਾਰੇ ਜਾਣ ਪਿਛੋਂ

# ਕਤਲੋਗਾਰਤ ਬੰਦ ਹੋਣ ਲੱਗੀ

ਚੰਡੀਗੜ੍ਹ — ਇਥੇ ਪੁੱਜੀਆਂ ਸੂਚਨਾਵਾਂ ਅਨੁਸਾਰ ਪੁਲਸ ਦੇ ਭਗੌੜੇ ਸਿਪਾਹੀ ਸੁੱਖੇ ਉਰਫ਼ ਸੁਖਦੇਵ ਸਿੰਘ ਦੇ ਮਾਰੇ ਜਾਣ ਪਿਛੋਂ ਦਹਿਸ਼ਤਗਰਦਾਂ ਦੀਆਂ ਸਫਾਂ ਵਿਚ ਸੋਗ ਛਾ ਗਿਆ ਹੈ। ਮੰਗਲਵਾਰ ਨੂੰ ਸੁੱਖਾ ਸਿਪਾਹੀ ਜਿਸ ਨੂੰ ਦਹਿਸ਼ਤਗਰਦਾਂ ਦਾ ਪੰਜਾਬ ਵਿਚ ਆਗੂ ਮੰਨਿਆ ਜਾਂਦਾ ਸੀ ਤੇ ਉਹ ਆਪਣੇ ਆਪ ਨੂੰ 'ਖਾਲਿਸਤਾਨ ਕਮਾਂਡੋ ਫੋਰਸ' ਦਾ 'ਜਨਰਲ' ਲਾਭ ਸਿੰਘ ਕਹਾਉਂਦਾ ਸੀ ਟਾਂਡੇ ਉੜਮੜ ਲਾਗੇ ਇਕ ਪੁਲਸ ਮੁਕਾਬਲੇ ਵਿਚ ਮਾਰਿਆ ਗਿਆ। ਸੁੱਖਾ ਪਹਿਲਾਂ ਪੁਲਸ ਵਿਚ ਸਿਪਾਹੀ ਸੀ ਪਰ ਇਕ ਕੇਸ ਵਿਚ ਫੜੇ ਜਾਣ ਪਿਛੋਂ ਬਰਤਰਫ਼ ਕਰ ਦਿੱਤਾ ਗਿਆ ਸੀ।

### ਮੁੱਖ ਕਤਲਾਂ ਵਿਚ ਹੱਥ

ਸੁੱਖਾ ਸਿਪਾਹੀ ਨੇ ਕਤਲਾਂ ਦਾ ਸਿਲਸਿਲਾ ਡੀ. ਆਈ. ਜੀ. ਜਲੰਧਰ ਸ੍ਰੀ ਅਟਵਾਲ ਦੇ ਕਤਲ ਤੋਂ ਸ਼ੁਰੂ ਕੀਤਾ। ਪੁਲਸ ਮੁਖੀ ਸ੍ਰੀ ਕੇ ਪੀ ਐਸ ਗਿੱਲ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਸੁੱਖਾ ਸਿਪਾਹੀ 1986 ਵਿਚ ਫੜਿਆ ਗਿਆ ਸੀ ਪਰ ਇਹ ਪੁਲਸ ਹਿਰਾਸਤ ਵਿਚੋਂ ਜਲੰਧਰ ਕਚਹਿਰੀਆਂ ਨੇੜਿਓਂ ਛੁਡਾ ਲਿਆ ਗਿਆ ਸੀ। ਜਿਥੇ ਸੱਤ ਪੁਲਸ ਅਧਿਕਾਰੀ ਮਾਰੇ ਗਏ ਸਨ। ਇਸ ਤੋਂ ਪਿਛੋਂ ਇਸ ਨੇ ਟੀ. ਸੀ. ਕਟੋਚ, ਰਮੇਸ਼ ਚੰਦਰ, ਹਰਬੰਸ ਲਾਲ ਕਤਲ ਕੀਤੇ ਅਤੇ ਹਰਜਿੰਦਰ ਜਿੰਦੇ ਨਾਲ ਰਲਕੇ ਲੁਧਿਆਣੇ ਬੈਂਕ ਵਿਚ 6 ਕਰੋੜ ਰੁਪਏ ਲੁੱਟੇ।

### ਬੁੱਧਵਾਰ ਸ਼ਾਂਤੀ ਰਹੀ

13 ਜੁਲਾਈ ਬੁੱਧਵਾਰ ਨੂੰ ਪੰਜਾਬ ਵਿਚ ਮੁਕੰਮਲ ਸ਼ਾਂਤੀ ਰਹੀ। 48 ਦਿਨਾਂ ਪਿਛੋਂ ਇਹ ਪਹਿਲਾ ਦਿਨ ਸੀ ਜਦ ਪੰਜਾਬ ਵਿਚ ਕੋਈ ਵਿਅਕਤੀ ਕਤਲ ਨਹੀਂ ਹੋਇਆ। ਹੁਣ ਤੱਕ ਪਿਛਲੇ ਸਾਢੇ ਛੇ ਮਹੀਨਿਆਂ ਵਿਚ 1800 ਦੇ ਕਰੀਬ ਪੰਜਾਬ ਵਿਚ ਬੇਗੁਨਾਹਾਂ ਦੇ ਖ਼ੂਨ ਨਾਲ ਦਹਿਸ਼ਤਗਰਦਾਂ ਨੇ ਹੱਥ ਰੰਗੇ ਹਨ।

### ਗ੍ਰਿਫ਼ਤਾਰੀਆਂ ਜਾਰੀ

ਇਸੇ ਦੌਰਾਨ ਪੰਜਾਬ ਵਿਚ ਦਹਿਸ਼ਤਗਰਦਾਂ ਦੀਆਂ ਗ੍ਰਿਫਤਾਰੀਆਂ ਲਗਾਤਾਰ ਜਾਰੀ ਹਨ। ਕੱਲ੍ਹ ਵੱਖ ਵੱਖ ਥਾਵਾਂ ਤੋਂ 17 ਦਹਿਸ਼ਤਗਰਦ ਪੁਲਸ ਨੇ ਗ੍ਰਿਫਤਾਰ ਕੀਤੇ। ਬਟਾਲਾ ਤੋਂ ਇਕ ਦਹਿਸ਼ਤਗਰਦ ਬਲਕਾਰ ਸਿੰਘ ਫੜਿਆ ਗਿਆ।

ਬਾਕੀ ਪੰਨਾ 3 'ਤੇ

## ਇੰਡੋ-ਕੈਨੇਡੀਅਨ ਫਰੈਂਡਸ਼ਿਪ ਸੁਸਾਇਟੀ ਵਲੋਂ ਸ਼ਾਨਦਾਰ ਸਮਾਗਮ



500 ਭਾਰਤੀਆਂ ਨਾਲ ਭਰੇ ਹੈਲਨਿਕ ਕਮਿਊਨਿਟੀ ਸੈਂਟਰ ਵਿਚ ਪਹਿਲੀ ਵਾਰ ਇੰਡੋ-ਕੈਨੇਡੀਅਨ ਕਮਿਊਨਿਟੀ ਵਲੋਂ "ਕੈਨੇਡਾ ਡੇਅ" ਮਨਾਇਆ ਗਿਆ ਜਿਸ ਵਿਚ ਮੁਖ ਮਹਿਮਾਨ ਪਾਰਲੀਮੈਂਟ ਦੇ ਸਪੀਕਰ ਜੌਹਨ ਫਰੇਜ਼ਰ ਸਨ। ਡਾ: ਗੁਰਦੇਵ ਸਿੰਘ ਗਿੱਲ ਨਾਲ ਬੈਠੇ ਹਨ।

ਬਾਕੀ ਪੰਨਾ 3 'ਤੇ



Ph. 588-5808
9373 - 120 St., (Scott Rd.),
Delta, B. C.



ਏ. ਸੀ. ਜਿਊਲਰਜ਼

'TOUCH OF CLASS' INTERNATIONAL ENTERTAINMENT LTD.
PROUDLY PRESENTS

ਹਿੰਦੋਸਤਾਨ ਦੀਆਂ ਸਟੇਜਾਂ ਤੇ ਧੁੰਮਾਂ ਪਾਉਣ ਤੋਂ ਬਾਅਦ

ਅਮਰੀਕਾ, ਕਨੇਡਾ ਤੇ ਇੰਗਲੈਂਡ ਦੀ ਧਰਤੀ ਤੇ ਆ ਗਿਆ ਹੈ

**ਪੰਜਾਬੀ ਕਲਾਕਾਰਾਂ ਦਾ ਸਭ ਤੋਂ ਵੱਡਾ ਸ਼ੋਅ**



# ਧਮਕ ਪੰਜਾਬ ਦੀ

ਪੰਜ ਦਰਿਆ ਕਲਚਰਲ ਟਰੁੱਪ

ਗਾਇਕ ਜੋੜੀ
**ਦੀਦਾਰ ਸੰਧੂ**
**ਸੁਸ਼ਮਾ**

ਫਿਲਮੀ ਸਿਤਾਰੇ

* ਦਿਲਜੀਤ ਕੌਰ
* ਟੁਨਟੁਨ
* ਸੁਰਿੰਦਰ ਸ਼ਰਮਾ
* ਦਲਜੀਤ ਪਾਲ
* ਸਰੂਪ ਪਰਿੰਦਾ
* ਰਮਾ ਵਿੱਜ
* ਮਿਸ ਪੰਜਾਬ ਸ਼ਾਲਿਨੀ 'ਚੰਨ ਪ੍ਰਦੇਸੀ' ਦੀ 'ਕੰਮੋ'

ਪੁੱਤ ਜੱਟਾਂ ਦੇ ਅਤੇ ਪਟੋਲਾ
ਦੇ ਲੇਖਕ ਤੇ ਨਿਰਦੇਸ਼ਕ
**ਜਗਜੀਤ**
ਦੀ ਪੇਸ਼ਕਸ਼

ਤੁਹਾਡੇ ਮਨੋਰੰਜਨ ਦੀ ਗਾਰੰਟੀ
ਗੀਤਾਂ, ਸਕਿੱਟਾਂ ਤੇ ਨਾਚਗਾਣਿਆਂ ਨਾਲ ਭਰਭੂਰ

1987-88 ਵਿਚ ਹਿੰਦੋਸਤਾਨ ਦੀਆਂ ਸਟੇਜਾਂ ਤੇ — ਪੰਜਾਬੀ ਸਭਿਆਚਾਰ ਦੀ ਸਹੀ ਤਸਵੀਰ ਪੇਸ਼ ਕਰਦੀਆਂ ਤੇ — ਧੀਆਂ ਭੈਣਾਂ ਸੰਗ ਮਾਣ ਸਕਣ ਵਾਲੀਆਂ 27 ਸੁਪਰ ਹਿਟ ਸ਼ਾਮਾਂ ਦੇਣ ਤੋਂ ਬਾਅਦ — ਪੰਜ ਦਰਿਆ ਕਲਚਰ ਟਰੁਪ ਵਲੋਂ ਕੈਨੇਡਾ ਅਮਰੀਕਾ ਤੇ ਇੰਗਲੈਂਡ ਦੀ ਧਰਤੀ ਤੇ

## ਧਮਕ ਪੰਜਾਬ ਦੀ

* ਜਿਸ ਵਿਚ — ਜੋੜੀ ਜਦੋਂ ਚੁਬਾਰੇ ਚੜ੍ਹਦੀ, ਘੱਗਰੇ ਦੀ ਲੌਣ ਭਿੱਜ ਗਈ, ਨਾ ਮਾਰ ਜਾਲਮਾਂ ਵੇ, ਫਾਟਕ ਕੋਟਕਪੂਰੇ ਦਾ ਵਰਗੇ 100 ਸੁਪਰ ਹਿੱਟ ਗੀਤਾਂ ਦਾ ਗੀਤਕਾਰ ਤੇ ਗਾਇਕ ਦੀਦਾਰ ਸੰਧੂ ਪਹਿਲੀ ਵਾਰ ਤੁਹਾਡੇ ਦਰਾਂ ਤੇ ਸੁਸ਼ਮਾ ਨਾਲ
* ਪੰਜਾਬੀ ਫਿਲਮਾਂ ਦੀਆਂ ਦੋਵੇਂ ਚੋਟੀ ਦੀਆਂ ਹੀਰੋਇਨਾਂ ਰਮਾਂ ਵਿਜ ਤੇ ਦਿਲਜੀਤ ਕੌਰ ਪਹਿਲੀ ਵਾਰ ਇਕੱਠੀਆਂ ਸਟੇਜ ਤੇ
* ਹਿੰਦੀ ਫਿਲਮਾਂ ਦੀ ਸਭ ਤੋਂ ਪ੍ਰਸਿਧ ਹਾਸ ਅਭਿਨੇਤਰੀ ਟੁਣ ਟੁਣ — ਜਿਸਦਾ ਪ੍ਰਸਿਧ ਗਾਣਾ 'ਅਫਸਾਨਾ ਲਿਖ ਰਹੀ ਹੂੰ' ਵੀ ਸੁਣੋਗੇ
* ਪੰਜਾਬੀ ਫਿਲਮਾਂ ਦੇ ਪ੍ਰਸਿੱਧ ਕਮੇਡੀਅਨ ਡਾ: ਸੁਰਿੰਦਰ ਸ਼ਰਮਾ ਸ਼ੋਅ ਕੰਮਪੀਅਰ ਕਰਨਗੇ —
* ਇਸ ਤੋਂ ਇਲਾਵਾ ਪੰਜਾਬੀ ਸਟੇਜ ਦਾ ਸ਼ਿੰਗਾਰ ਤੇ ਫਿਲਮ ਕਲਾਕਾਰ ਸਰੂਪ ਪਰਿੰਦਾ ਤੇ 10 ਹੋਰ ਕਲਾਕਾਰਾਂ ਦਾ ਗਰੁਪ —
* ਇਸ ਸ਼ੋਅ ਨੂੰ ਤਿਆਰ ਕੀਤਾ 'ਪੁੱਤ ਜੱਟਾਂ ਦੇ' ਤੇ 'ਪਟੋਲਾ' ਵਰਗੀਆਂ ਫਿਲਮਾਂ ਦੇ ਸਭ ਤੋਂ ਪ੍ਰਸਿੱਧ ਡਾਇਰੈਕਟਰ ਜਗਜੀਤ ਨੇ

**ਇਹ ਸ਼ੋਅ ਦੇਖਣ ਲਈ ਆਪਣੇ ਸ਼ਹਿਰ ਵਿਚ ਇੰਡੀਅਨ ਗਰੌਸਰੀ ਸਟੋਰਾਂ ਤੋਂ ਜਾਣਕਾਰੀ ਲਉ —**

**Toronto** Minkler Hall **July 16/88**

# ਗੋਰਖਿਆਂ ਦਾ ਵੱਖਵਾਦੀ ਅੰਦੋਲਨ ਖਤਮ

## ਗੀਸ਼ਿੰਗ ਨੇ ਪੱਛਮੀ ਬੰਗਾਲ ਦੇ ਮੁਖ ਮੰਤਰੀ ਅੱਗੇ ਗੋਡੇ ਟੇਕੇ

ਕਲਕੱਤਾ — ਪਿਛਲੇ ਕਈ ਸਾਲਾਂ ਤੋਂ ਚੱਲ ਰਿਹਾ ਗੋਰਖਾ ਵੱਖਵਾਦੀ ਅੰਦੋਲਨ ਆਪਣੇ ਸਾਹ ਉਸ ਸਮੇਂ ਤੋੜ ਗਿਆ ਜਦ ਵੱਖਵਾਦੀ ਨੇਤਾ ਮਿ: ਗੀਸ਼ਿੰਗ ਨੇ ਗ੍ਰਹਿ ਮੰਤਰੀ ਬੂਟਾ ਸਿੰਘ ਦੇ ਸਾਹਮਣੇ ਪੱਛਮੀ ਬੰਗਾਲ ਦੇ ਮੁਖ ਮੰਤਰੀ ਸ੍ਰੀ ਜਯੋਤੀ ਬਾਸੂ ਸਾਹਮਣੇ ਗੋਡੇ ਟੇਕ ਦਿੱਤੇ ਅਤੇ ਆਪਣਾ ਵੱਖਵਾਦੀ ਅੰਦੋਲਨ ਵਾਪਸ ਲੈ ਲਿਆ। ਗੀਸ਼ਿੰਗ ਨੇ ਜਯੋਤੀ ਬਾਸੂ ਦੀ ਇਹ ਸਲਾਹ ਮੰਨ ਲਈ ਕਿ ਦਾਰਜੀਲਿੰਗ ਦੇ ਪਹਾੜੀ ਇਲਾਕਿਆਂ ਦੀ ਤਰੱਕੀ ਲਈ ਇਕ ਕੌਂਸਲ ਦੀ ਸਥਾਪਨਾ ਕੀਤੀ ਜਾਵੇਗੀ ਜਿਹੜੀ ਪਹਾੜੀ ਇਲਾਕਿਆਂ ਦੇ ਆਰਥਿਕ ਹਿੱਤਾਂ ਦੀ ਜ਼ਾਮਨ ਹੋਵੇਗੀ।

### ਗੋਰਖਾਲੈਂਡੀਆਂ ਦੀਆਂ ਰਿਹਾਈਆਂ

ਸਮਝੌਤਾ ਹੋਣ ਪਿਛੋਂ ਪੱਛਮੀ ਬੰਗਾਲ ਸਰਕਾਰ ਨੇ ਗੋਰਖਾ ਦਹਿਸ਼ਤਗਰਦਾਂ ਦੀਆਂ ਰਿਹਾਈਆਂ ਦਾ ਅਮਲ ਤੇਜ਼ੀ ਨਾਲ ਸ਼ੁਰੂ ਕਰ ਦਿੱਤਾ ਹੈ। ਪਿਛਲੇ ਦੋ ਦਿਨਾਂ ਵਿਚ ਇਕ ਤਿਹਾਈ ਨਜ਼ਰਬੰਦ ਰਿਹਾ ਕਰ ਦਿੱਤੇ ਗਏ ਹਨ।

ਸਿਲੀਗੁੜੀ ਵਿਚ ਭਾਸ਼ਨ ਦਿੰਦਿਆਂ ਗੋਰਖਾ ਲੀਡਰ ਗੀਸ਼ਿੰਗ ਨੇ ਕਿਹਾ ਕਿ ਸਾਡੇ ਵਲੋਂ ਹਿੰਸਾਤਮਕ ਕਾਰਵਾਈਆਂ ਬੰਦ ਕਰ ਦਿੱਤੀਆਂ ਗਈਆਂ ਹਨ। ਉਸ ਨੇ ਮੰਗ ਕੀਤੀ ਕਿ ਹਿਲ ਕੌਂਸਲ ਦੀਆਂ ਚੋਣਾਂ ਕਰਵਾਉਣ ਤੋਂ ਪਹਿਲਾਂ ਅੰਤ੍ਰਿਮ ਕੌਂਸਲ ਨੋਮੀਨੇਟ ਕਰ ਦਿੱਤੀ ਜਾਵੇ ਤਾਕਿ ਸਾਰੇ ਅਤਿਵਾਦੀਆਂ ਕੋਲੋਂ ਹਥਿਆਰ ਸੁਟਵਾ ਲਏ ਜਾਣ।

ਪਿਛਲੇ ਛੇ ਸਾਲਾਂ ਤੋਂ ਚਲ ਰਿਹਾ ਵੱਖਵਾਦੀ ਅੰਦੋਲਨ ਪੱਛਮੀ ਬੰਗਾਲ ਦੇ ਸਖਤ ਸਟੈਂਡ ਲੈਣ ਕਾਰਨ ਆਪਣੇ ਆਪ ਦਮ ਤੋੜ ਗਿਆ ਹੈ।

## "ਰੋਹਿਨੀ" ਸੈਟੇਲਾਈਟ ਤਜਰਬਾ ਫਿਰ ਅਸਫ਼ਲ

ਹਰੀਕੋਟਾ (ਆਂਧਰਾ) — ਕੱਲ੍ਹ ਭਾਰਤ ਵਲੋਂ ਦੁਬਾਰਾ "ਰੋਹਿਨੀ" ਸੈਟੇਲਾਈਟ ਛੱਡਣ ਦਾ ਤਜਰਬਾ ਅਸਫਲ ਰਿਹਾ। ਸੈਟੇਲਾਈਟ 150 ਸੈਕਿੰਡ ਪਿਛੋਂ ਤਾਲਮੇਲ ਟੁਟਣ ਕਾਰਨ ਬੰਗਾਲ ਦੀ ਖਾੜੀ ਵਿਚ ਜਾ ਡਿੱਗਾ। ਇਸ ਸੈਟੇਲਾਈਟ ਦਾ ਭਾਰ 150 ਕਿਲੋਗਰਾਮ ਸੀ।

ਪਿਛਲੇ ਸਾਲ ਵੀ ਇਹ ਤਜਰਬਾ ਫੇਅਲ ਹੋਇਆ ਸੀ ਜਿਸ ਸਮੇਂ ਇਸ ਨੂੰ ਛੱਡੇ ਜਾਣ ਸਮੇਂ ਪ੍ਰਧਾਨ ਮੰਤਰੀ ਤੇ ਹੋਰ ਉਚ ਨੇਤਾ ਪੁਜੇ ਹੋਏ ਸਨ।

## ਰਾਜੀਵ ਫਿਰ ਬਦੇਸ਼ੀ ਯਾਤਰਾ ਉਤੇ

ਜਾਰਡਨ — ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਤੇ ਰਾਸ਼ਟਰਪਤੀ ਵੈਂਕਟਰਮਨ ਦੋਵੇਂ ਇਸ ਸਮੇਂ ਬਦੇਸ਼ਾਂ ਦੀਆਂ ਯਾਤਰਾਵਾਂ ਤੇ ਚੜ੍ਹੇ ਹੋਏ ਹਨ। ਰਾਜੀਵ ਗਾਂਧੀ ਨੇ ਆਪਣੇ ਤਿੰਨ ਦਿਨ ਦੀ ਯਾਤਰਾ ਦੌਰਾਨ ਜਾਰਡਨ ਦੇ ਸ਼ਾਹ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਵੱਡੀਆਂ ਤਾਕਤਾਂ ਨੂੰ ਖਾੜੀ ਦੀ ਲੜਾਈ ਤੋਂ ਪਰੇ ਰਹਿਣਾ ਚਾਹੀਦਾ ਹੈ। ਉਨ੍ਹਾਂ ਅਮਰੀਕਾ ਦੇ ਸਮੁੰਦਰੀ ਬੇੜੇ ਦੀ ਮੌਜੂਦਗੀ ਦੀ ਵੀ ਨਿੰਦਾ ਕੀਤੀ।

ਸ੍ਰੀ ਰਾਜੀਵ ਨੇ ਭੋਜ ਸਮੇਂ ਆਪਣੇ ਭਾਸ਼ਨ ਵਿਚ ਕਿਹਾ ਕਿ ਪਾਕਿਸਤਾਨ ਪੰਜਾਬ ਦੇ ਦਹਿਸ਼ਤਗਰਦਾਂ ਨੂੰ ਟਰੇਨਿੰਗ ਦੇ ਰਿਹਾ ਹੈ ਤੇ ਹਥਿਆਰਾਂ ਨਾਲ ਲੈਸ, ਕਰਕੇ ਪੰਜਾਬ ਅੰਦਰ ਭੇਜ ਰਿਹਾ ਹੈ। ਉਨ੍ਹਾਂ ਪਾਕਿਸਤਾਨ ਉਤੇ ਦੋਸ਼ ਲਾਇਆ ਕਿ ਪ੍ਰਮਾਣੂ ਬੰਬ ਬਣਾਕੇ ਉਹ ਖਿਤੇ ਦੇ ਲੋਕਾਂ ਲਈ ਖਤਰਾ ਪੈਦਾ ਕਰ ਰਿਹਾ ਹੈ।

## ਪੰਜਾਬ ਵਿਚ ਹਿੰਸਾ ਦੀਆਂ ਵਾਰਦਾਤਾਂ

ਚੰਡੀਗੜ੍ਹ — ਬੁੱਧਵਾਰ 13 ਜੁਲਾਈ ਦਾ ਦਿਨ ਪੰਜਾਬ ਵਿਚ ਸੁੱਖ ਸ਼ਾਂਤੀ ਦਾ ਪਹਿਲਾ ਦਿਨ ਸੀ। ਪਿਛਲੇ ਹਫਤੇ ਹੋਈਆਂ ਕਤਲ ਦੀਆਂ ਵਾਰਦਾਤਾਂ ਵਿਚ ਤਰਨਤਾਰਨ ਵਿਚ ਮੰਗਲਵਾਰ ਨੂੰ ਇਕ ਔਰਤ ਸੁਖਵੰਤ ਕੌਰ ਕਤਲ ਕਰ ਦਿੱਤੀ ਗਈ ਅਤੇ ਜਲੰਧਰ ਵਿਚ ਬੁਘੇਲ ਸਿੰਘ ਨਾਂ ਦਾ ਇਕ ਨਿਹੰਗ ਮਾਰਿਆ ਗਿਆ।

ਹੁਸ਼ਿਆਰਪੁਰ ਦੇ ਪਿੰਡ ਮਿਠੇਵਾਲ ਵਿਚ ਪਿੰਡ ਦਾ ਲੰਬੜਦਾਰ ਗਿਆਨ ਸਿੰਘ ਤੇ ਉਸਦੇ ਰਿਸ਼ਤੇਦਾਰ ਸਰਵਨ ਸਿੰਘ, ਦਵਿੰਦਰ ਸਿੰਘ ਤੇ ਸਰਬਜੀਤ ਸਿੰਘ ਮਾਰੇ ਗਏ। ਇਸ ਪ੍ਰਵਾਰ ਦਾ ਸੰਬੰਧ ਸਾਂਝੇ ਅਕਾਲੀ ਦਲ ਨਾਲ ਦੱਸਿਆ ਗਿਆ ਹੈ। ਮੋਗਾ ਲਾਗੇ ਮਹਿਲ ਕਲਾਂ ਦਾ ਇਕ ਵਿਅਕਤੀ ਗੋਲਾ ਮਾਰਿਆ ਗਿਆ। ਮੋਗੇ ਲਾਗੇ ਹੀ ਘੱਲ ਕਲਾਂ ਦਾ ਨਸੀਬ ਸਿੰਘ ਦਾ ਕਤਲ ਕਰ ਦਿੱਤਾ ਗਿਆ।

ਜ਼ਿਲਾ ਜਲੰਧਰ ਦੇ ਪਿੰਡ ਬਡਿਆਲ ਦਾ ਸਰਪੰਚ ਮਹਿੰਗਾ ਸਿੰਘ ਹਲਾਕ ਹੋਇਆ। ਪਿੰਡ ਗਦਰਾਣੀ ਵਿਚ ਇਕ ਹਮਲੇ ਵਿਚ ਤਿੰਨ ਵਿਅਕਤੀ ਜ਼ਖਮੀ ਹੋਏ।

ਜ਼ਿਲਾ ਗੁਰਦਾਸਪੁਰ ਵਿਚ ਇਕ ਹੌਲਦਾਰ ਦਲਬੀਰ ਸਿੰਘ ਦਾ ਕਤਲ ਕਰ ਦਿੱਤਾ ਗਿਆ।

ਬਾਘਾ ਪੁਰਾਣਾ ਕੋਲ ਛੋਟਾ ਘਰ ਦੇ ਲੰਬੜਦਾਰ ਕਾਕਾ ਸਿੰਘ ਮਾਰੇ ਗਏ।

ਪੰਨਾ 1 ਦੀ ਬਾਕੀ

## ਥੀਨ ਡੈਮ ਤੋਂ ਬਾਰੂਦ ਚੋਰੀ

ਅੰਮ੍ਰਿਤਸਰ ਦੇ ਪੁਲਸ ਮੁਖੀ ਸ੍ਰੀ ਜੇ. ਪੀ. ਵਿਰਦੀ ਨੇ ਕਿਹਾ ਕਿ ਪਿਛਲੇ ਦਿਨਾਂ ਅੰਦਰ ਜੋ ਬੰਬ ਧਮਾਕੇ, ਦਿੱਲੀ, ਕੁਰਕਸ਼ੇਤਰ, ਅੰਮ੍ਰਿਤਸਰ ਵਿਚ ਹੋਏ ਸਨ ਉਨ੍ਹਾਂ ਵਿਚ ਵਰਤੇ ਗਏ ਬੰਬਾਂ ਨੂੰ ਬਨਾਉਣ ਲਈ ਬਾਰੂਦ ਥੀਨ ਡੈਮ ਤੋਂ ਚੋਰੀ ਕੀਤਾ ਗਿਆ। ਇਹ ਪ੍ਰਗਟਾਵਾ ਅਖੌਤੀ ਪੰਥਕ ਕਮੇਟੀ ਦੇ ਫੜੇ ਗਏ ਮੈਂਬਰ ਬਲਵਿੰਦਰ ਸਿੰਘ ਨੇ ਕੀਤਾ ਜਿਸ ਨੇ ਦੱਸਿਆ ਕਿ ਥੀਨ ਡੈਮ ਤੇ ਲੱਗਾ ਹੋਇਆ ਐਗਜ਼ੇਕਟਿਵ ਇੰਜਨੀਅਰ ਅਮਰਜੀਤ ਸਿੰਘ ਬਾਜਵਾ ਦਹਿਸ਼ਤਗਰਦਾਂ ਨਾਲ ਮਿਲਿਆ ਹੋਇਆ ਸੀ ਤੇ ਉਹ ਹੀ ਬਾਰੂਦ ਦਿੰਦਾ ਸੀ। ਪੁਲਸ ਨੇ ਪਿਛਲੇ ਦਿਨੀਂ ਛਾਪਾ ਮਾਰਕੇ ਨੁਸ਼ਹਿਰਾ ਮਾਝਾ ਤੋਂ ਚੋਦਾਂ ਡਾਇਨੋਮਾਈਟ ਦੀਆਂ ਸਟਿਕਾਂ ਬਰਾਮਦ ਕੀਤੀਆਂ ਤੇ ਹੋਰ ਬਾਰੂਦ ਵੀ ਮਿਲਿਆ। ਪ੍ਰਧਾਨ ਸਿੰਘ ਨਾਂ ਦਾ ਵਿਅਕਤੀ ਵੀ ਇਸ ਸਾਜ਼ਿਸ਼ ਵਿਚ ਸ਼ਾਮਲ ਸੀ ਜਿਸ ਰਾਹੀਂ ਅਮਰਜੀਤ ਸਿੰਘ ਬਾਜਵਾ ਨਾਲ ਸਬੰਧ ਕਾਇਮ ਕੀਤੇ ਗਏ।


## ਫਾਰਮ ਵਰਕਰਾਂ ਦੀ ਲੋੜ!

- ਫੋਰਟ ਲੈਂਗਲੀ 'ਚ ਸਥਿਤ ਫਾਰਮ 'ਚ ਕੰਮ ਸ਼ੁਰੂ ਹੈ
- ਘਰੋਂ ਚੱਕਣ ਅਤੇ ਛੱਡਣ ਦਾ ਪੂਰਾ ਪ੍ਰਬੰਧ ਹੈ
- ਕੀਤੇ ਕੰਮ ਦੀ ਵਧੀਆ ਤਨਖਾਹ ਅਤੇ ਸਟੈਂਪਾਂ ਦਿੱਤੀਆਂ ਜਾਣਗੀਆਂ

ਅੱਜ ਹੀ ਕੰਮ ਸ਼ੁਰੂ ਕਰਨ ਲਈ ਫ਼ੋਨ ਕਰੋ :

**ਜਸਮਿੰਦਰ ਸਿੰਘ ਘੁਮਾਣ**

**ਫ਼ੋਨ : 591-9459**

**ਸਾਨੂੰ ਵੈਨ ਡਰਾਈਵਰ ਦੀ ਵੀ ਲੋੜ ਹੈ**



## ਜਾਇਦਾਦ ਖ਼੍ਰੀਦਣੀ ਜਾਂ ਵੇਚਣੀ ਚਾਹੁੰਦੇ ਹੋ ?



ਭੂਪਿੰਦਰ ਸਿੰਘ ਸੋਢੀ

ਫਾਰਮ, ਘਰ, ਲਾਟ ਜਾਂ ਕਮਰਸ਼ੀਅਲ ਜਾਇਦਾਦ ਖ਼੍ਰੀਦਣ ਜਾਂ ਵੇਚਣ ਤੋਂ ਪਹਿਲਾਂ ਸਾਨੂੰ ਜ਼ਰੂਰ ਮਿਲੋ। ਅਸੀਂ ਤੁਹਾਨੂੰ ਅੱਛੀ ਡੀਲ ਦਿਵਾਉਣ ਵਿਚ ਮਦਦ ਕਰਾਂਗੇ

**ਭੂਪਿੰਦਰ ਸਿੰਘ ਸੋਢੀ**

**PH. Bus. 437-9431**

**Res. 434-8987**

**UNITED REALTY**

**2443 Kingsway, Vancouver, B.C. V5R 5G8**



# BERNARD SIMPSON & COMPANY

NO CHARGE *for initial consultation*

- HANDLING CAR ACCIDENTS FOR OVER 15 YEARS
- CONTINGENCY FEES AVAILABLE (IF NO RECOVERY NO LEGAL FEE)

- ਵੈਨਕੂਵਰ ਵਿਚ ਸਾਡੀ ਹੀ ਇਕ ਅਜਿਹੀ ਕਾਨੂੰਨੀ ਫਰਮ ਹੈ, ਜਿਹੜੀ ਕਿ ਸਿਰਫ ਕਾਰ ਐਕਸੀਡੈਂਟ ਦੇ ਕੇਸ ਹੀ ਹੈਂਡਲ ਕਰਦੀ ਹੈ
- ਅਸੀਂ ਕੇਵਲ ਕਾਰ ਐਕਸੀਡੈਂਟ ਸੰਬੰਧੀ ਆਈ. ਸੀ. ਬੀ. ਸੀ. ਕਲੇਮਾਂ ਨੂੰ ਹੀ ਹੈਂਡਲ ਕਰਦੇ ਹਾਂ

PRACTICE RESTRICTED TO INJURIES SUFFERED DUE TO CAR ACCIDENTS (ICBC CLAIMS)

Translation services available

**PHONE (604) 734-2272**

**999 WEST BROADWAY, VANCOUVER, B.C.**

*(SITUATED IN THE AUTOMOBILE ASSOCIATION BUILDING)*

**The Canada Darpan**

**P.O.BOX 265**
**Surrey, B.C. V3T 4W8**

'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਂਵਾਰ ਹਨ । ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ।

**Ph. 581-4473**


## ਪੰਜਾਬ ਦੀ ਸਥਿਤੀ ਕਿਸ ਮੋੜ ਵੱਲ?

ਪਿਛਲੇ ਕੁਝ ਦਿਨਾਂ ਤੋਂ ਪੰਜਾਬ ਦੀ ਸਥਿਤੀ ਫੈਸਲਾਕੁਨ ਮੋੜ ਕੱਟ ਰਹੀ ਹੈ ਜਿਥੇ ਬਦੇਸ਼ੀ ਖਾਲਿਸਤਾਨੀ ਜਥੇਬੰਦੀਆਂ ਅਤੇ ਇਨ੍ਹਾਂ ਦੇ ਪ੍ਰਚਾਰ ਕਰਨ ਵਾਲੇ ਅਖਬਾਰ ਇਕ ਦੂਜੇ ਉਤੇ ਚਿੱਕੜ ਸੁਟ ਰਹੇ ਹਨ ਉਥੇ ਪੰਜਾਬ ਵਿਚ ਵੀ ਦਹਿਸ਼ਤਗਰਦਾਂ ਦੀਆਂ ਸਫ਼ਾਂ ਵਿਚ ਮੁਰਦੇਹਾਣੀ ਛਾ ਰਹੀ ਹੈ। ਹਰਿਮੰਦਰ ਸਾਹਿਬ ਵਿਚ ਮਈ ਮਹੀਨੇ ਦਹਿਸ਼ਤਗਰਦਾਂ ਵਲੋਂ ਹੱਥ ਖੜ੍ਹੇ ਕਰਕੇ ਬਾਹਰ ਆਉਣ ਦੀ ਕਾਰਵਾਈ ਨੇ ਜਿਥੇ ਇਹ ਸਾਬਤ ਕੀਤਾ ਕਿ ਬਦੇਸ਼ੀ ਸਹਾਇਤਾ ਨਾਲ ਕੋਈ ਲਹਿਰ ਲੰਮਾਂ ਸਮਾਂ ਨਹੀਂ ਕੱਢ ਸਕਦੀ, ਉਥੇ ਹਰਿਮੰਦਰ ਅੰਦਰ ਕੀਤੀਆਂ ਘਿਨਾਉਣੀਆਂ ਕਰਤੂਤਾਂ ਕਾਰਨ ਵੀ ਪੰਜਾਬ ਦੇ ਲੋਕਾਂ ਦੀਆਂ ਹਮਦਰਦੀਆਂ ਇਨ੍ਹਾਂ ਦਹਿਸ਼ਤਗਰਦਾਂ ਨਾਲ ਘਟੀਆਂ । ਮਲਬੇ ਵਿਚੋਂ ਮਿਲੀਆਂ ਲਾਸ਼ਾਂ, ਵਿਭਚਾਰ ਦੇ ਪ੍ਰਗਟਾਵੇ, ਔਰਤਾਂ ਨਾਲ ਬਦਸਲੂਕੀ ਆਦਿ ਨੇ ਦਹਿਸ਼ਤਗਰਦਾਂ ਦਾ ਅਸਲੀ ਚਿਹਰਾ ਬੇਨਕਾਬ ਕਰ ਦਿੱਤਾ ।

ਜਥੇਦਾਰੀਆਂ ਦਾ ਝਗੜਾ, ਸਰਬੱਤ ਖਾਲਸਿਆਂ ਦੀ ਅਹਿਮੀਅਤ, ਦਹਿਸ਼ਤਗਰਦਾਂ ਦੀ ਸਰਕਾਰ ਤੇ ਪੁਲਸ ਨਾਲ ਮਿਲੀ ਭੁਗਤ, ਮਾਨੋਚਾਹਲ ਤੇ ਗੁਰਜੀਤ ਸਿੰਘ ਵਰਗਿਆਂ ਦੇ ਕੇਂਦਰੀ ਨੇਤਾਵਾਂ ਨਾਲ ਸਬੰਧ, ਚਾਰ ਪੰਜ ਫੈਡਰੇਸ਼ਨਾਂ, ਏਨੀਆਂ ਕੁ ਹੀ ਖਾਲਿਸਤਾਨੀ ਕੌਂਸਲਾਂ, ਘਰ ਘਰ ਲੀਡਰ ਪੈਦਾ ਹੋਣੇ — ਆਦਿ ਅਜਿਹੀਆਂ ਹਾਲਤਾਂ ਪੈਦਾ ਹੋ ਗਈਆਂ ਹਨ ਕਿ ਹੁਣ ਹਨੇਰੇ ਵਿਚ ਭਟਕ ਰਹੇ ਇਨ੍ਹਾਂ ਖੁਦਗਰਜ਼ ਲੋਕਾਂ ਨੂੰ ਕਿਸੇ ਪਾਸਿਓਂ ਕੁਝ ਵੀ ਨਜ਼ਰ ਨਹੀਂ ਆ ਰਿਹਾ ।

ਇਕ ਇਕ ਕਰਕੇ ਦਹਿਸ਼ਤਗਰਦ ਆਗੂਆਂ ਦਾ ਝੜਦੇ ਜਾਣਾ ਵੀ ਇਸ ਅਖੌਤੀ ਖਾਲਿਸਤਾਨੀ ਲਹਿਰ ਲਈ ਮਾਰੂ ਸਾਬਤ ਹੋਇਆ ਹੈ ।

ਇਸ ਸਮੇਂ ਪੰਜਾਬ ਦੇ ਅਕਾਲੀ ਲੀਡਰਾਂ ਲਈ ਇਕੋ ਇਕ ਰਾਹ ਹੈ ਕਿ ਉਹ ਆਪ ਇਕ ਥਾਂ ਇਕੱਠੇ ਹੋਣ, ਪੰਜਾਬ ਦੀਆਂ ਦੂਜੀਆਂ ਪਾਰਟੀਆਂ ਨਾਲ ਚੰਗੇ ਸਬੰਧ ਪੈਦਾ ਕਰਨ ਅਤੇ ਦੇਸ਼ ਦੀਆਂ ਕਾਂਗਰਸ-ਵਿਰੋਧੀ ਕੌਮੀ ਪਾਰਟੀਆਂ ਦਾ ਸਮਰਥਨ ਲੈਣ । ਅਕਾਲੀ ਲੀਡਰਾਂ ਨੂੰ ਇਹ ਨਹੀਂ ਭੁਲਣਾ ਚਾਹੀਦਾ ਕਿ ਪੰਜਾਬ ਦੇ ਲੋਕਾਂ ਦੀ ਦੁਰਦਸ਼ਾ ਦਾ ਮੁਖ ਕਾਰਨ ਕੇਂਦਰੀ ਕਾਂਗਰਸੀ ਆਗੂ ਹਨ। ਜੇ ਉਹ ਅਜੇ ਵੀ ਕਾਂਗਰਸੀ ਹਾਕਮਾਂ ਦੀ ਤਾਸ਼ ਦੇ ਪੱਤੇ ਹੀ ਬਣੇ ਰਹੇ ਤਾਂ ਪੰਜਾਬ 'ਚ ਹਿੰਸਾ ਦਾ ਅੰਤ ਅਜੇ ਆਉਂਦੀਆਂ ਚੋਣਾਂ ਤੱਕ ਨਹੀਂ ਹੋਣਾ। ਕੇਂਦਰੀ ਕਾਂਗਰਸੀ ਆਗੂ ਪੰਜਾਬ ਨੂੰ ਵਰਤਕੇ ਫਿਰ ਚੋਣਾਂ ਜਿਤਣੀਆਂ ਚਾਹੁੰਦੇ ਹਨ ਜਿਸ ਬਾਰੇ ਉਨ੍ਹਾਂ ਨੂੰ ਸਪੱਸ਼ਟ ਹੋਣਾ ਚਾਹੀਦਾ ਹੈ ।

## ਰਣਜੀਤ ਸਿੰਘ ਸੰਧੂ ਵਲੋਂ ਅਗਾਂਹਵਧੂ ਆਗੂਆਂ ਦੇ ਕਤਲਾਂ ਦੀ ਨਿਖੇਧੀ

ਵਿਲੀਅਮਜ਼ਲੇਕ — ਈਸਟ ਇੰਡੀਅਨਜ਼ ਵਰਕਰਜ਼ ਐਸੋ: ਵਿਲੀਅਮਜ਼ਲੇਕ ਦੇ ਬੁਲਾਰੇ ਰਣਜੀਤ ਸਿੰਘ ਸੰਧੂ ਨੇ ਪੰਜਾਬ ਵਿਚ ਅਤਿਵਾਦੀਆਂ ਵਲੋਂ ਕੀਤੇ ਜਾ ਰਹੇ ਅਗਾਂਹਵਧੂ ਲੋਕਾਂ ਦੀ ਕਤਲਾਂ ਦੀ ਨਿਖੇਧੀ ਕਰਦਿਆਂ ਕਿਹਾ ਹੈ ਕਿ ਪੰਜਾਬ ਵਿਚ ਕਤਲਾਂ ਦੀ ਜ਼ਿਮੇਂਵਾਰੀ ਤੋਂ ਨਾ ਤਾਂ ਖਾਲਿਸਤਾਨੀ ਦਹਿਸ਼ਤਗਰਦ ਬਚ ਸਕਦੇ ਹਨ ਅਤੇ ਨਾ ਹੀ ਕੇਂਦਰ ਦੀ ਕਾਂਗਰਸ ਸਰਕਾਰ ।

ਉਨ੍ਹਾਂ ਕਾ: ਬੀਕਾ, ਕਾ: ਮੇਹਲੀ ਤੇ ਹੋਰ ਦਰਜਨਾਂ ਕਮਿਊਨਿਸਟ ਇਨਕਲਾਬੀਆਂ ਦੀਆਂ ਹੱਤਿਆਵਾਂ ਦੇ ਜ਼ਿਮੇਂਵਾਰ ਖਾਲਿਸਤਾਨੀ ਦਹਿਸ਼ਤਦਰਗਾਂ ਨੂੰ ਫਿਟਕਾਰ ਪਾਉਂਦਿਆਂ ਕਿਹਾ ਹੈ ਕਿ ਦੇਸ਼-ਭਗਤ ਲੋਕਾਂ ਦੇ ਕਤਲਾਂ ਕਾਰਨ ਹੀ ਲੋਕ ਇਨ੍ਹਾਂ ਨਾਲੋਂ ਟੁੱਟੇ ਹਨ ਅਤੇ ਇਸ ਸਮੇਂ ਲੁਕ ਲੁਕ ਕੇ ਦਿਨ ਕੱਟ ਰਹੇ ਹਨ ।

## ਗਿਆਨ ਸਿੰਘ ਸੰਧੂ ਵਲੋਂ ਸ਼ੰਕਰ ਸਿੰਘ ਨੂੰ ਚਿੱਠੀ

ਵਿਲੀਅਮਜ਼ਲੇਕ — (ਫੋਨ ਰਾਹੀਂ) ਈਸਟ ਇੰਡੀਅਨ ਵਰਕਰਜ਼ ਐਸੋ: ਦੇ ਇਕ ਬੁਲਾਰੇ ਨੇ ਦੱਸਿਆ ਹੈ ਕਿ ਜੈਕ ਪਾਈਨ ਮਿਲ ਦੇ ਮੈਨੇਜਰ ਗਿਆਨ ਸਿੰਘ ਸੰਧੂ ਨੇ ਆਪਣੇ ਵਕੀਲਾਂ ਰਾਹੀਂ ਸ੍ਰੀ ਸ਼ੰਕਰ ਸਿੰਘ ਹੋਰਾਂ ਨੂੰ ਇਕ ਚਿੱਠੀ ਭੇਜੀ ਹੈ ਜਿਸ ਵਿਚ ਵਿਲੀਅਮਜ਼ਲੇਕ ਦੇ ਲੋਕਾਂ ਵਲੋਂ ਸੰਧੂ ਦੇ ਘਰ ਸਾਹਮਣੇ ਕੀਤੇ ਮੁਜ਼ਾਹਰੇ ਸਮੇਂ ਸ਼ੰਕਰ ਸਿੰਘ ਵਲੋਂ ਦਿੱਤੇ ਬਿਆਨ ਦਾ ਜ਼ਿਕਰ ਹੈ ।

ਸੰਧੂ ਨੇ ਸ਼ੰਕਰ ਸਿੰਘ ਨੂੰ ਕਿਹਾ ਕਿ ਉਹ ਆਪਣੇ ਭਾਸ਼ਨ ਵਿਚ ਕਹੀਆਂ ਗੱਲਾਂ ਵਾਪਸ ਲੈਣ ।

# ਲੋਕ-ਬਾਣੀ

## ਲੇਖਕਾਂ ਨੂੰ ਬੇਨਤੀ

ਸੰਪਾਦਕ ਜੀ,

ਵੈਨਕੂਵਰ ਤੋਂ ਛਪਦੀਆਂ ਪੰਜਾਬੀ ਅਖਬਾਰਾਂ ਅਤੇ ਰਸਾਲਿਆਂ ਵਿਚ ਕੁਝ ਲੇਖਕਾਂ ਦੀਆਂ ਇਕ ਦੂਜੇ ਪ੍ਰਤੀ ਜਾਤੀ ਦੂਸ਼ਨ-ਬਾਜ਼ੀਆਂ ਪੜ੍ਹਕੇ ਦਿਲ ਬਹੁਤ ਦੁਖੀ ਹੁੰਦਾ ਹੈ। ਸਮੇਂ ਸਮੇਂ ਵੱਖਰੇ ਵੱਖਰੇ ਲੇਖਕ ਦੂਸ਼ਣਬਾਜ਼ੀ -ਚੱਕਰ ਵਿਚ ਫਸ ਜਾਂਦੇ ਹਨ। ਅੱਜ ਕੱਲ੍ਹ ਚਾਰ ਪੰਜ ਲੇਖਕ ਲਪੇਟ ਕਰ ਹਨ। ਲੇਖਕ ਦਾ ਕੰਮ ਪਾਠਕਾਂ ਨੂੰ ਜੀਵਨ ਜਾਂਚ ਸਿਖਾਉਣਾ, ਰੋਜ਼ਾਨਾ ਵਾਪਰ ਰਹੀਆਂ ਘਟਨਾਵਾਂ ਤੋਂ ਜਾਣੂ ਰੱਖਣਾ, ਇਮਾਨਦਾਰੀ ਅਤੇ ਸਰਬੱਤ ਦੇ ਭਲੇ ਲਈ ਪ੍ਰੇਰਨਾ, ਕੁਰੀਤੀਆਂ ਅਤੇ ਤਰੁੱਟੀਆਂ ਤੋਂ ਜਾਣੂ ਕਰਵਾਉਣਾ ਅਤੇ ਨਵੀਂ ਪਨੀਰੀ ਲਈ ਵਧੀਆ ਸਾਹਿਤ ਰਚਨਾ ਹੁੰਦਾ ਹੈ ਨਾਕਿ ਇਕ ਦੂਜੇ ਦੀ ਪੱਤ ਲਾਹੁਣਾ ਹੁੰਦਾ ਹੈ। ਲਿਖਤਾਂ ਹੀ ਇਤਿਹਾਸ ਹਨ। ਲੇਖਕ ਹੀ ਇਤਿਹਾਸ ਦੀ ਮੂੰਹੋ ਬੋਲਦੀ ਤਸਵੀਰ ਹੁੰਦੇ ਹਨ। ਲੇਖਕ ਹੀ ਸਭਿਅਤਾ ਦੇ ਮੋਢੀ ਹੁੰਦੇ ਹਨ। ਲੇਖਕ ਦਾ ਫਰਜ਼ ਈਰਖਾ ਨੂੰ ਪਿਆਰ ਵਿਚ ਤਬਦੀਲ ਕਰਨਾ ਹੋਣਾ ਚਾਹੀਦਾ ਹੈ ਨਾ ਕਿ ਪਿਆਰ ਨੂੰ ਈਰਖਾ ਦੀ ਪਾਣ ਚੜ੍ਹਾਉਣਾ ਹੋਣਾ ਚਾਹੀਦਾ ਹੈ। ਹਰ ਪਾਠਕ ਜਦ ਕੋਈ ਅਖਬਾਰ ਜਾਂ ਕਿਤਾਬ ਖਰੀਦਦਾ ਹੈ ਤਾਂ ਉਸ ਦਾ ਆਸ਼ਾ ਕੁਝ ਸਿੱਖਣ ਦਾ ਹੁੰਦਾ ਹੈ। ਉਹ ਵਾਪਰ ਰਹੀਆਂ ਘਟਨਾਵਾਂ ਬਾਰੇ ਜਾਨਣਾ ਚਾਹੁੰਦਾ ਹੁੰਦਾ ਹੈ। ਆਪਣੀ ਸੋਝੀ ਵਿਚ ਵਾਧਾ ਕਰਨਾ ਚਾਹੁੰਦਾ ਹੁੰਦਾ ਹੈ, ਬੱਚੇ ਦਾ ਦਿਮਾਗ ਸ਼ੁਰੂ ਵਿਚ ਇਕ ਚਿੱਟੀ ਚਾਦਰ ਦੀ ਤਰ੍ਹਾਂ ਹੁੰਦਾ ਹੈ ਜਿਵੇਂ ਚਾਦਰ ਤੇ ਜੋ ਰੰਗ ਛਿੜਕਿਆ ਜਾਂਦਾ ਹੈ, ਉਹ ਹੀ ਉਘੜਦਾ ਹੈ, ਇਸੇ ਤਰ੍ਹਾਂ ਪਾਠਕ ਵੀ ਉਹ ਹੀ ਬਣਦਾ ਹੈ ਜੋ ਉਹ ਪੜ੍ਹਦਾ ਜਾਂ ਸੁਣਦਾ ਹੈ। ਲਿਖਤਾਂ ਇਨਸਾਨ ਦੀ ਸੋਝੀ ਅਤੇ ਰਹਿਣੀ-ਬਹਿਣੀ ਦਾ ਆਧਾਰ ਹਨ। ਜਿਸ ਮਨੁੱਖ ਨੂੰ ਵੀ ਕੁਦਰਤ ਨੇ ਲਿਖਣ ਸ਼ਕਤੀ ਦੀ ਜਾਂਚ ਜਾਂ ਬਲ ਬਖਸ਼ਿਆ ਹੈ, ਉਸ ਨੂੰ ਹਮੇਸ਼ਾ ਖਿਆਲ ਵਿਚ ਰੱਖਣਾ ਚਾਹੀਦਾ ਹੈ ਕਿ ਜੋ ਕੁਝ ਵੀ ਉਹ ਲਿਖ ਰਿਹਾ ਹੈ, ਉਹ ਸਿਧਾਂਤਕ ਅਤੇ ਜੀਵਨ ਨੂੰ ਸੁਹਾਵਣਾ ਬਣਾਉਣ ਵਾਲਾ ਹੋਣਾ ਚਾਹੀਦਾ ਹੈ। ਵਾਪਰ ਰਹੀਆਂ ਘਟਨਾਵਾਂ ਵਿਚ ਤਰੁੱਟੀਆਂ ਦੀ ਸਹੀ ਆਲੋਚਨਾ ਕਰਨਾ ਲੇਖਕ ਦਾ ਫਰਜ਼ ਹੈ। ਗਲਤੀ ਦੀ ਮੁਆਫੀ ਮੰਗ ਲੈਣਾ ਜਾਂ ਸੁਧਾਈ ਕਰਨ ਵਿਚ ਕੋਈ ਹਰਜ਼ ਨਹੀਂ ਪਰ ਗਲਤੀ ਵੱਲ ਇਸ਼ਾਰਾ ਕਰਨ ਵਾਲੀ ਉਂਗਲ ਕੱਟਣ ਲਈ ਛਾਲ ਮਾਰ ਕੇ ਆਉਣਾ ਮੂਰਖਤਾ ਹੈ। ਸਾਹਿਤਕ ਆਲੋਚਨਾ ਸੋਨੇ ਤੇ ਸੁਹਾਗਾ ਹੈ। ਆਲੋਚਨਾ ਸੁਧਾਈ ਵੱਲ ਇਸ਼ਾਰਾ ਹੈ ਅਤੇ ਸੁਧਾਈ ਕਰਨਾ ਇਨਸਾਨ ਦਾ ਪਹਿਲਾਂ ਫਰਜ਼ ਹੋਣਾ ਚਾਹੀਦਾ ਹੈ।

ਮਨੁੱਖ ਦੀ ਕਹਿਣੀ ਤੇ ਕਰਨੀ ਦੇ ਫਰਕ ਦੀ ਆਲੋਚਨਾ ਕਰਨਾ ਲੇਖਕ ਦਾ ਫਰਜ਼ ਹੈ। ਜਿਸ ਮਨੁੱਖ ਦੀ ਕਹਿਣੀ ਤੇ ਕਰਨੀ ਵਿਚ ਫਰਕ ਹੈ, ਉਹ ਪਖੰਡੀ ਤੇ ਫਰੇਬੀ ਹੈ। ਪਾਖੰਡ ਤੇ ਫਰੇਬ ਨੂੰ ਉਜਾਗਰ ਕਰਨਾ ਪਾਠਕਾਂ ਲਈ ਲਾਹੇਵੰਦ ਹੈ ਪਰ ਕਿਸੇ ਪਖੰਡੀ ਦੀ ਮਾਂ ਮਾਲਵੇ ਦੀ ਤੇ ਪਿਤਾ ਮਾਝੇ ਦਾ ਦੱਸਣਾ ਕੋਈ ਚੰਗੀ ਆਲੋਚਨਾ ਨਹੀਂ। ਜਿਸ ਦੀ ਕਹਿਣੀ ਤੇ ਕਰਨੀ ਬਾਰੇ ਕੁਝ ਕਿਹਾ ਜਾ ਰਿਹਾ ਹੋਵੇ, ਉਸ ਦੀ ਮਾਂ, ਭੈਣ ਜਾਂ ਧੀ ਦੀ ਸ਼ਖਸ਼ੀਅਤ ਬਾਰੇ ਕੁਝ ਦੱਸਣਾ ਸਿਆਣਪ ਨਹੀਂ। ਹਰ ਇਕ ਦੀ ਵੱਖਰੀ ਸ਼ਖਸ਼ੀਅਤ ਹੋ ਸਕਦੀ ਹੈ। ਆਲੋਚਕ ਦਾ ਕਿਸੇ ਬਾਰੇ ਲਿਖਣਾ ਕਿ ਉਸ ਦੀ ਦਾਹੜੀ ਲੰਮੀ ਹੈ, ਛੋਟੀ ਹੈ, ਦਾਹੜੀ ਹੁੰਦੀ ਨਹੀਂ ਸੀ, ਹੁਣ ਹੈ, ਕੋਈ ਬੀ.ਏ. ਅਤੇ ਕੋਈ ਐਮ.ਏ. ਹੈ। ਮੈਂ ਸਮਝਦਾ ਹਾਂ ਕਿ ਇਹ ਕੋਈ ਸੁਧਾਰਕ ਆਲੋਚਨਾ ਨਹੀਂ। ਪੜ੍ਹਾਈ ਸਮੇਂ ਕਿਸੇ ਦਾ ਜਮਾਤ ਵਿਚੋਂ ਪਹਿਲੇ ਜਾਂ ਦੂਜੇ ਨੰਬਰ ਤੇ ਆਉਣਾ ਜ਼ਰੂਰ ਮਹੱਤਤਾ ਰੱਖਦਾ ਹੈ ਪਰ ਦੁਨੀਆਵੀ ਕੰਮਾਂ ਵਿਚ ਇਕ ਘੱਟ ਪੜ੍ਹਿਆ ਲਿਖਿਆ ਆਦਮੀ ਵੀ ਵਧੀਆ ਹੋ ਸਕਦਾ ਹੈ। ਵਿਦਿਆ ਗਿਆਨ ਵਿਚ ਵਾਧਾ ਕਰਦੀ ਹੈ। ਪੜ੍ਹਨ ਦੀ ਯੋਗਤਾ ਰੱਖਣ ਵਾਲਾ ਚੰਗੇ ਲੇਖਕਾਂ ਬਾਰੇ ਪੜ੍ਹਕੇ ਸੁਲਝਿਆ ਹੋਇਆ ਮਨੁੱਖ ਬਣ ਸਕਦਾ ਹੈ। ਘਟੀਆ ਕਿਸਮ ਦੀ ਆਲੋਚਨਾ ਕਰਦੇ ਸਮੇਂ ਲੇਖਕ ਆਪਣੇ ਫਰਜ਼ ਭੁਲ ਜਾਂਦੇ ਹਨ। ਲੇਖਕ ਉਹ ਹੁੰਦਾ ਹੈ ਜੋ ਸੰਪਾਦਕੀ, ਕਵਿਤਾਵਾਂ, ਕਹਾਣੀਆਂ ਅਤੇ ਨਾਵਲ ਲਿਖਣ ਦੀ ਯੋਗਤਾ ਰੱਖਦਾ ਹੋਵੇ। ਮੇਰੇ ਵਰਗਾ ਅੱਠ ਦਸ ਜਮਾਤਾਂ ਪੜ੍ਹਿਆ ਚੰਗਾ ਪਾਠਕ ਜਾਂ ਦੋਸਤਾਂ ਮਿੱਤਰਾਂ ਅਤੇ ਰਿਸ਼ਤੇਦਾਰਾਂ ਨੂੰ ਖੱਤ ਲਿਖਣ ਦੇ ਯੋਗ ਤਾਂ ਹੋ ਸਕਦਾ ਹੈ ਪਰ ਆਲੋਚਕ ਨਹੀਂ। ਇਸ ਪੱਤਰ ਦੀਆਂ ਸੱਤਰਾਂ ਵੀ ਲੇਖਕਾਂ ਦੀ ਆਲੋਚਨਾ ਨਹੀਂ ਪਰੰਤੂ ਸੁਝਾਅ ਹੈ।

ਉਮੀਦ ਕਰਦਾ ਹੈ ਕਿ ਲੇਖਕ ਵੀਰ ਜ਼ਰੂਰ ਕਿਸੇ ਦੀ ਜਾਤੀ ਅਤੇ ਪਰਵਾਰਿਕ ਆਲੋਚਨਾ ਕਰਨ ਤੋਂ ਮੁੱਖ ਮੋੜਨਗੇ ਅਤੇ ਪਾਠਕਾਂ ਨੂੰ ਚੰਗਾ ਸਾਹਿਤ ਅਤੇ ਜੀਵਨ ਜਿਉਣ ਲਈ ਚੰਗੀ ਗੁੜਤੀ ਦੇਣ ਦਾ ਯਤਨ ਕਰਨਗੇ।

ਆਪ ਦਾ ਸ਼ੁਭਚਿੰਤਕ,
ਸੁੱਚਾ ਸਿੰਘ ਕਲੇਰ
ਥਾਨ ਸਾੜੀਜ਼, ਵੈਨਕੂਵਰ ਬੀ.ਸੀ.

ਨੋਟ : ਕਲੇਰ ਸਾਹਿਬ ਤੁਹਾਡਾ ਅਸੀਂ ਸਾਰੇ ਸਤਿਕਾਰ ਕਰਦੇ ਹਾਂ। ਕੋਈ ਵੀ ਨਹੀਂ ਚਾਹੁੰਦਾ ਕਿ ਜ਼ਲੀਲ ਕਿਸਮ ਦੇ ਲੋਕਾਂ ਨਾਲ ਨੌਬਤ ਗਾਲੀ-ਗਲੋਚ ਤੱਕ ਪਹੁੰਚੇ ਪਰ ਇਕ ਗੱਲ ਸਪੱਸ਼ਟ ਹੈ ਕਿ ਜੇ ਕੋਈ ਮੂਰਖ ਇਹ ਸਮਝਦਾ ਹੋਵੇ ਕਿ ਸਾਹਿਤ ਜਾਂ ਪੱਤਰਕਾਰੀ ਉਤੇ ਉਸ ਇਕੱਲੇ ਦੀ ਹੀ ਮਨਾਪਲੀ ਹੈ ਤੇ ਉਹ ਹਰ ਕਿਸਮ ਦਾ ਊਲ ਜਲੂਲ ਲਿਖ ਸਕਦਾ ਹੈ ਤਾਂ ਅਜੇਹੀ ਮਾਨਸਿਕਤਾ ਵਿਰੁੱਧ ਸਟੈਂਡ ਨਾ ਲੈਣਾ ਵੀ ਬੁਜ਼ਦਿਲੀ ਹੈ। ਇਹ ਆਪਾਂ ਸਾਰਿਆਂ ਨੂੰ ਪਤਾ ਹੈ ਕਿ ਇਥੇ ਇਕੋ ਇਕ ਗੰਦਾ ਆਂਡਾ ਹੈ ਜਿਸਨੇ ਪੀਲੀ ਪੱਤਰਕਾਰੀ ਨੂੰ ਆਪਣਾ ਧਰਮ ਬਣਾ ਲਿਆ । ਹਰ ਇਕ ਨਾਲ ਪੰਗਾ ਲੈਣ ਦੀ ਉਸ ਬਣ ਚੁਕੀ ਆਦਤ ਦਾ ਜੇ ਤੁਸੀਂ ਕੁਝ ਕਰ ਸਕਦੇ ਹੋ ਤਾਂ ਜ਼ਰੂਰ ਕਰੋ । ਅਸੀਂ ਤੁਹਾਨੂੰ ਸਹਿਯੋਗ ਜ਼ਰੂਰ ਦੇਵਾਂਗੇ ।

## ਅਗਾਂਹਵਧੂ ਖਿਆਲਾਂ ਨਾਲ ਭਰਪੂਰ

ਸਤਿਕਾਰਯੋਗ ਦਰਸ਼ਨ ਗਿੱਲ,

ਸਤਿ ਸ੍ਰੀ ਅਕਾਲ

ਕਾਫੀ ਚਿਰ ਤੋਂ ਹੀ ਤਾਂਘ ਸੀ ਕਿ ਆਪਜੀ ਨਾਲ ਗੱਲਬਾਤ ਕਰਾਂ ਪਰ ਕੰਮ ਦੇ ਰੁਝੇਵੇਂ ਹੀ ਐਸੇ ਹਨ ਕਿ ਟਾਈਮ ਨਾ ਕੱਢ ਸਕਿਆ । ਪੇਪਰ ਤਾਂ ਪੰਹਿਲਾਂ ਵੀ ਪੜ੍ਹਿਆ ਸੀ ਅਤੇ ਉਸ ਤੋਂ ਪਹਿਲਾਂ ਵੀ ਜਿਹੜਾ ਮੈਗਜ਼ੀਨ ਵਤਨੋਂ ਦੂਰ ਨਿਕਲਦਾ ਸੀ ਪੜ੍ਹਨ ਨੂੰ ਮਿਲਿਆ ਬਹੁਤ ਹੀ ਸ਼ਲਾਘਾਯੋਗ ਸੀ । ਪਰ ਪਤਾ ਨਹੀਂ ਉਸਨੂੰ ਕਿਉਂ ਬੰਦ ਕਰ ਦਿੱਤਾ। ਕੱਲ ਮੇਰੇ ਪਿਤਾ ਜੀ ਵੀ 'ਕੈਨੇਡਾ ਦਰਪਣ' ਪੜ੍ਹ ਰਹੇ ਸਨ ਅਤੇ ਕਹਿ ਰਹੇ ਸਨ ਇਸ ਵਿਚ ਕਾਫੀ ਕੁਝ ਅੱਛਾ ਮਟੀਰੀਅਲ ਹੈ । ਮੇਰੇ ਅਤੇ ਉਨ੍ਹਾਂ ਦੇ ਖਿਆਲਾਂ ਅਨੁਸਾਰ ਪੇਪਰ ਅਗਾਂਹ ਵਧੂ ਖਿਆਲਾਂ ਭਰਪੂਰ ਹੈ । ਹਰ ਸਮਝਦਾਰ ਇਨਸਾਨ ਦੀ ਸੋਚ ਵਿਚ ਵਾਧਾ ਕਰਦਾ ਹੈ। ਸਾਨੂੰ ਲੋੜ ਹੈ ਇਸ ਤਰ੍ਹਾਂ ਸੁਹਣਾ ਅਤੇ ਸੁਚੱਜਾ ਲਿਖਣ ਦੀ ਜਿਸ ਨਾਲ ਸਾਡੀ ਸੋਚ ਵਿਚ ਨਿਖਾਰ ਆ ਸਕੇ । ਇਨਸਾਨਾਂ ਨੂੰ ਇਨਸਾਨੀਅਤ ਨਾਲ ਪਿਆਰ ਹੋਵੇ ਅਤੇ ਹਰ ਇਨਸਾਨ ਇਕ ਦੂਸਰੇ ਨੂੰ ਇਨਸਾਨੀਅਤ ਦੇ ਲਿਬਾਸ ਵਿਚ ਵੇਖਣ ਦੀ ਸਮਰੱਥਾ ਰੱਖੇ ।

ਅਸੀਂ ਜ਼ਿੰਦਗੀ ਦੇ ਸੱਚ ਤੋਂ ਜਾਣਦੇ ਹੋਏ ਵੀ ਕਾਫੀ ਦੂਰ ਤੁਰੇ ਫਿਰਦੇ ਹਾਂ । ਇਸਦਾ ਕਾਰਨ ਸਾਡਾ ਆਲਾ ਦੁਆਲਾ ਹੀ ਹੈ ਜਿਹੜਾ ਕਿ ਗਲਤ ਕਦਰਾਂ ਕੀਮਤਾਂ ਨਾਲ ਭਰਿਆ ਪਿਆ ਹੈ । ਪਰ ਤੁਸੀਂ ਖੁਸ਼ ਕਿਸਮਤ ਹੋ ਜਿਹੜੇ 20 ਜਾਂ 25 ਭਰਾ ਰਲਕੇ ਮਹੀਨੇ ਵਿਚ ਇਕ ਵਾਰੀ ਮਿਲ ਬੈਠਦੇ ਹੋ ਅਤੇ ਇਸ ਹਨੇਰੇ ਸਮਾਜ ਵਿਚੋਂ ਨਿਕਲਣ ਦੀ ਕੋਸ਼ਿਸ਼ ਕਰਦੇ ਹੋ ।

ਇਸ ਖਤ ਨਾਲ 15 ਡਾਲਰ ਦੀ ਚੈਕ ਵੀ ਭੇਜ ਰਿਹਾ ਹਾਂ । ਮੇਰੀ ਤਰਫੋਂ ਸਭ ਦੋਸਤਾਂ ਅਤੇ ਹਮਸਮਝ ਸਾਥੀਆਂ ਨੂੰ ਸਤਿ ਸ੍ਰੀ ਅਕਾਲ ।

ਦਿਲੀ ਪਿਆਰੀ ਸਹਿਤ
ਰਣਜੀਤ ਵਿਰਦੀ
ਮਾਲਟਨ, ਓਂਟੇਰੀਓ ।

## ਰਵਿੰਦਰ 'ਰਵੀ' ਦੀ ਖਾਮੋਸ਼ੀ ਕਿਉਂ?

ਸੰਪਾਦਕ ਕੈਨੇਡਾ ਦਰਪਣ ਜੀ,

ਮੈਂ ਪਿਛਲੇ ਦੋ ਕੁ ਮਹੀਨਿਆਂ ਤੋਂ ਰਵੀ ਅਤੇ ਉਹਦੇ ਦੋ ਜੋਟੀਦਾਰਾਂ ਵਲੋਂ ਅਤੇ ਅਮਰਜੀਤ ਸੂਫ਼ੀ ਵਲੋਂ ਜਾਰੀ ਬਹਿਸ ਪੜ੍ਹ ਰਿਹਾ ਹਾਂ । ਮੈਨੂੰ ਇਸ ਗੱਲ ਦਾ ਦੁਖ ਹੈ ਕਿ ਗੱਲ ਕੀ ਸੀ ਤੇ ਗਈ ਕਿਧਰ ਨੂੰ । ਰਵਿੰਦਰ ਰਵੀ ਨੇ 'ਤੈਂ ਕੀ ਦਰਦ ਨਾ ਆਇਆ' ਨਾਂ ਦਾ ਲੇਖ ਲਿਖਿਆ । ਸੂਫ਼ੀ ਨੇ ਉਸ ਦੀ ਚੀਰਫਾੜ 'ਰਵੀ ਬਨਾਮ ਵੱਢ ਖਾਣਾ ਕੁੱਤਾ' ਨਾਂ ਦੇ ਲੇਖ ਵਿਚ ਕੀਤੀ । ਸੂਫ਼ੀ ਨੇ ਇਹ ਸਾਬਤ ਕੀਤਾ ਕਿ ਰਵਿੰਦਰ ਰਵੀ ਪੰਜਾਬ ਵਿਚ ਦੇ ਅਤਿਵਾਦੀਆਂ ਦਾ ਸਮਰਥਕ ਹੈ। ਮੈਂ ਰਵੀ ਦਾ ਲੇਖ ਫੇਰ ਦੁਬਾਰਾ ਪੜ੍ਹਿਆ । ਸਾਫ਼ ਜ਼ਾਹਰ ਹੁੰਦਾ ਸੀ ਕਿ ਰਵੀ ਖਾਲਿਸਤਾਨੀ ਕਾਤਲਾਂ ਨਾਲ ਹਮਦਰਦੀ ਰਖਦਾ ਹੈ । ਜੇਕਰ ਸੂਫ਼ੀ ਨੇ ਉਸ ਦੇ ਲੇਖ ਨੂੰ ਗਲਤ ਰੂਪ ਵਿਚ ਪੇਸ਼ ਕੀਤਾ ਸੀ ਤਾਂ ਰਵੀ ਦਾ ਫਰਜ਼ ਬਣਦਾ ਸੀ ਕਿ ਉਹ ਉਸ ਦਾ ਉਤਰ ਦਿੰਦਾ ਕਿ ਉਸ ਦੇ ਲਿਖਣ ਦਾ ਅਰਥ ਅਸਲ ਵਿਚ ਕੀ ਹੈ। ਪਰ ਰਵੀ ਨੇ ਖਾਮੋਸ਼ੀ ਧਾਰ ਲਈ ।

ਰਵੀ ਵਲੋਂ ਉਤਰ ਦੇਣ ਦੀ ਥਾਂ ਰਵੀ ਦੇ ਦੋ ਜੋਟੀਦਾਰਾਂ ਚਰਨ ਅਤੇ ਮਨਜੀਤ ਮੀਤ ਨੇ ਰਵੀ ਦੀ ਥਾਂ ਸੂਫ਼ੀ ਉਪਰ ਊਝਾਂ, ਦੁਰਬਚਨਾਂ ਅਤੇ ਝੂਠੀਆਂ ਤੂਹਮਤਾਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ । ਮੈਂ ਸਾਰੇ ਲੇਖਕਾਂ ਨੂੰ ਹੀ ਸਾਰੇ ਅਖਬਾਰਾਂ ਵਿਚ ਪੜ੍ਹਦਾ ਹਾਂ । ਜਿਵੇਂ ਸੂਫ਼ੀ ਨੇ ਲਿਖਿਆ ਹੈ ਸ਼ੱਕ ਮੈਨੂੰ ਵੀ ਇਹੋ ਪੈਂਦੀ ਹੈ ਕਿ ਚਰਨ ਅਤੇ ਮੀਤ ਨੇ ਉਹ ਲੇਖ ਨਹੀਂ ਲਿਖੇ, ਉਹ ਰਵਿੰਦਰ ਰਵੀ ਨੇ ਹੀ ਲਿਖੇ ਹਨ । ਬੋਲੀ ਤੋਂ ਪਤਾ ਲਗ ਜਾਂਦਾ ਹੈ। ਹੁਣ ਜੇ ਰਵੀ ਵਲੋਂ ਚਰਨ ਅਤੇ ਮੀਤ ਦੇ ਨਾਂ ਥੱਲੇ ਲਿਖੇ ਨੂੰ ਸੂਫ਼ੀ ਨੇ ਵੀ ਪਛਾਣ ਲਿਆ ਹੈ ਅਤੇ ਜਿਹੋ ਜਿਹੀ ਘਟੀਆ ਭਾਸ਼ਾ ਵਿਚ ਇਨ੍ਹਾਂ ਲਿਖਿਆ ਹੈ ਸੂਫ਼ੀ ਨੇ ਉਸ ਦਾ ਉਤਰ ਕਰੜੇ ਸ਼ਬਦਾਂ ਵਿਚ ਹਰ ਸਭਿਆ ਭਾਸ਼ਾ ਵਿਚ ਦਿੱਤਾ ਹੈ । ਹੁਣ ਇਹ ਇਸ ਉਪਰ ਬਹੁਤ ਔਖੇ ਹੋ ਗਏ ਹਨ । ਇਕ ਤਾਂ ਇਹ ਆਪਣੀ ਲਿਖਤ ਦਾ ਸਹੀ ਸਪਸ਼ਟੀਕਰਨ ਨਹੀਂ ਦੇ ਸਕੇ ਦੂਜੇ ਇਹ ਘਟੀਆ ਲਿਖਤਾਂ ਨਾਲ ਆਪਣੇ ਆਪ ਨੂੰ ਵੀ ਨੰਗਾ ਕਰ ਰਹੇ ਹਨ ।

ਮੈਂ ਸੂਫ਼ੀ ਨੂੰ ਕਈ ਸਾਲਾਂ ਤੋਂ ਪੜ੍ਹਦਾ ਆ ਰਿਹਾ ਹਾਂ । ਉਸ ਦੀ ਬੋਲੀ ਅਤੇ ਜਾਣਕਾਰੀ ਬਾਰੇ ਜੋ ਊਝਾਂ ਲਾਈਆਂ ਹਨ ਸਰਾਸਰ ਗਲਤ ਹਨ । ਰਵੀ ਨੇ ਜੋ ਆਪਦਾ ਸਪਲੀਮੈਂਟ ਛਪਵਾਇਆ ਸੀ ਉਸ ਨੂੰ ਪੜ੍ਹਕੇ ਅਤੇ ਹੁਣ ਰਵੀ ਵਲੋਂ ਚਰਨ ਅਤੇ ਮੀਤ ਦੇ ਨਾਂ ਤੇ ਲਿਖਣਾ ਉਹ ਵੀ ਘਟੀਆ, ਇਨ੍ਹਾਂ ਦੇ ਬਹੁਤ ਵੱਡੇ ਲਿਖਾਰੀ ਹੋਣ ਬਾਰੇ ਸ਼ੱਕਾਂ ਪਾਉਂਦਾ ਹੈ ।

ਮੈਂ ਇਹੋ ਚਾਹੁੰਦਾ ਹਾਂ ਕਿ ਰਵਿੰਦਰ ਰਵੀ ਇਕ ਗਲਤੀ ਨੂੰ ਲੁਕਾਉਣ ਲਈ ਸੌ ਗਲਤੀ ਕਰਨੀ ਬੰਦ ਕਰਕੇ ਆਪਣੇ ਲੇਖ 'ਤੈਂ ਕੀ ਦਰਦ ਨਾ ਆਇਆ' ਉਪਰ ਸੂਫ਼ੀ ਵਲੋਂ ਲਿਖੇ ਦਾ ਜੁਆਬ ਦੇਵੇ । ਇਹੋ ਚੰਗੀ ਗੱਲ ਹੋਵੇਗੀ ।

ਆਪਦਾ ਪਾਠਕ
ਜ. ਸ. ਸੰਧੂ, ਵੈਨਕੂਵਰ

# ਦਿੱਲੀ ਵਿਚ ਬੋਟ ਕਲੱਬ ਤੇ ਧਰਨਾ ਬੰਦ

## ਹਿੰਦੂ ਪ੍ਰਵਾਰਾਂ ਦੀਆਂ ਮੰਗਾਂ ਮੰਨ ਲਈਆਂ

ਅੰਮ੍ਰਿਤਸਰ — ਪੰਜਾਬ ਤੋਂ ਉਜੜ ਕੇ ਆਏ ਇਕ ਹਜ਼ਾਰ ਪ੍ਰਵਾਰਾਂ ਨੇ ਕੱਲ੍ਹ ਇਥੇ ਆਪਣਾ 35 ਦਿਨਾਂ ਤੋਂ ਚਾਲੂ ਧਰਨਾ ਬੰਦ ਕਰ ਦਿੱਤਾ ਜਦੋਂ ਕੇਂਦਰੀ ਸਰਕਾਰ ਨੇ ਉਨ੍ਹਾਂ ਨੂੰ ਅੰਤਰਮ ਸਹਾਇਤਾ ਤੇ ਕੈਂਪਾਂ ਵਿਚ ਰੱਖਣਾ ਮੰਨ ਲਿਆ। ਇਹ ਹਿੰਦੂ ਪ੍ਰਵਾਰ ਪੰਜਾਬ ਤੋਂ ਦਹਿਸ਼ਤਗਰਦੀ ਦੇ ਡਰ ਕਾਰਨ ਦਿੱਲੀ ਪੁਜੇ ਸਨ ਪਰ ਦਿੱਲੀ ਦੇ ਅਧਿਕਾਰੀ ਇਨ੍ਹਾਂ ਨੂੰ ਸਿਰ ਲੁਕਾਉਣ ਲਈ ਥਾਂ ਦੇਣ ਤੋਂ ਇਨਕਾਰੀ ਸਨ।

ਇਨ੍ਹਾਂ ਪ੍ਰਵਾਰਾਂ ਨੇ ਬੋਟ ਕਲੱਬ ਸਾਹਮਣੇ ਧਰਨਾ ਜੂਨ ਵਿਚ ਸ਼ੁਰੂ ਕੀਤਾ ਸੀ।

# ਹੜ੍ਹਾਂ ਕਾਰਨ ਆਸਾਮ ਵਿਚ ਭਾਰੀ ਤਬਾਹੀ

ਗੁਹਾਟੀ — ਬ੍ਰਹਮਪੁਤਰਾ ਨਦੀ ਵਿਚ ਹੜ੍ਹਾਂ ਕਾਰਨ ਬੇਹੱਦ ਤਬਾਹੀ ਦੀਆਂ ਖਬਰਾਂ ਮਿਲੀਆਂ ਹਨ। ਪਿਛਲੇ ਪੰਜ ਦਿਨਾਂ ਵਿਚ 13 ਵਿਅਕਤੀਆਂ ਦੀਆਂ ਡੁੱਬਣ ਕਾਰਨ ਮੌਤਾਂ ਹੋਈਆਂ ਹਨ ਅਤੇ ਸੈਂਕੜੇ ਲੋਕ ਲਾਪਤਾ ਹਨ। ਇਸ ਤੋਂ ਪਹਿਲੇ ਹਫਤੇ 36 ਮੌਤਾਂ ਹੋਈਆਂ ਸਨ। ਇਸ ਸਮੇਂ ਫੌਜ ਵਲੋਂ ਪੀੜਤ ਪ੍ਰਵਾਰਾਂ ਨੂੰ ਸਹਾਇਤਾ ਪੁਚਾਈ ਜਾ ਰਹੀ ਹੈ। ਦਰਿਆ ਖਤਰੇ ਦੇ ਨਿਸ਼ਾਨ ਤੋਂ ਅਜੇ ਵੀ ਉਤੇ ਹਨ ਤੇ ਪੱਛਮੀ ਹਲਕੇ ਵਿਚ 120 ਪਿੰਡ ਤਬਾਹ ਹੋ ਚੁਕੇ ਹਨ।

ਆਸਾਮ ਦੇ ਮੁਖ ਮੰਤਰੀ ਸ੍ਰੀ ਪ੍ਰਫੁੱਲਾ ਮਹੰਤਾ ਨੇ ਕੇਂਦਰ ਸਰਕਾਰ ਨੂੰ ਕਿਹਾ ਹੈ ਕਿ ਆਸਾਮ ਵਿਚ ਪੀੜਤ ਲੋਕਾਂ ਦੀ ਸਹਾਇਤਾ ਲਈ ਤੁਰੰਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕੇਂਦਰੀ ਮੰਤਰੀਆਂ ਸ੍ਰੀ ਸ਼ੰਕਰਾਨੰਦ ਤੇ ਸ੍ਰੀ ਭਜਨ ਲਾਲ ਨੂੰ ਕਿਹਾ ਕਿ ਉਹ ਹੜ੍ਹ-ਮਾਰੇ ਇਲਾਕਿਆਂ ਦੀ ਹਾਲਤ ਆਪ ਆ ਕੇ ਦੇਖਣ।

# ਏਕਤਾ ਸਿਰਫ ਅਸੂਲਾਂ ਤੇ ਨੀਤੀਆਂ ਦੇ ਆਧਾਰ 'ਤੇ — ਬਰਨਾਲਾ

ਚੰਡੀਗੜ੍ਹ — ਅਕਾਲੀ ਦਲ (ਲੌਂ:) ਦੇ ਪ੍ਰਧਾਨ ਸੁਰਜੀਤ ਸਿੰਘ ਬਰਨਾਲਾ ਨੇ ਕਿਹਾ ਹੈ ਕਿ ਉਨ੍ਹਾਂ ਦੀ ਪਾਰਟੀ ਸਾਂਝੇ ਅਕਾਲੀ ਦਲ ਨਾਲ ਅਸੂਲਾਂ ਉਤੇ ਆਧਾਰਤ ਏਕਤਾ ਕਰਨ ਨੂੰ ਤਿਆਰ ਹੈ। ਬਰਨਾਲਾ ਨੇ ਇਥੇ ਗੱਲਬਾਤ ਕਰਦੇ ਹੋਏ ਕਿਹਾ ਕਿ ਇਹ ਏਕਤਾ ਵਾਲੀਆਂ ਨੀਤੀਆਂ ਅਤੇ ਪ੍ਰੋਗਰਾਮ ਸ਼੍ਰੋਮਣੀ ਅਕਾਲੀ ਦਲ ਦੇ ਹੋਣੇ ਚਾਹੀਦੇ ਹਨ। ਉਨ੍ਹਾਂ ਦੀ ਪਾਰਟੀ ਪਿਛਲੇ ਡੇਢ ਸਾਲ ਤੋਂ ਲਗਾਤਾਰ ਇਸ ਸਟੈਂਡ 'ਤੇ ਕਾਇਮ ਰਹੀ ਹੈ।

ਬਰਨਾਲਾ ਨੇ ਸਾਂਝੇ ਅਕਾਲੀ ਦਲ ਦੀ ਬਣਤਰ ਉਤੇ ਟਿੱਪਣੀ ਕਰਦੇ ਹੋਏ ਕਿਹਾ ਕਿ ਅਕਾਲ ਤਖਤ ਦੇ ਉਸ ਸਮੇਂ ਦੇ ਜਥੇਦਾਰ ਪ੍ਰੋ: ਦਰਸ਼ਨ ਸਿੰਘ ਨੇ ਇਕ ਪਾਰਟੀ ਤਾਂ ਬਣਾ ਦਿੱਤੀ ਪ੍ਰੰਤੂ ਜਦੋਂ ਵਿਚਾਰਾਂ ਦੀ ਸਾਂਝ ਨਾ ਹੋਵੇ ਉਦੋਂ ਅਜਿਹੀ ਪਾਰਟੀ ਬਹੁਤੀ ਦੇਰ ਤੱਕ ਇਕਜੁੱਟ ਹੋ ਕੇ ਨਹੀਂ ਰਹਿ ਸਕਦੀ। ਉਨ੍ਹਾਂ ਨੇ ਉਸ ਸਮੇਂ ਲਿਖਤੀ ਤੌਰ 'ਤੇ ਇਹ ਗੱਲ ਕਹੀ ਸੀ ਕਿ ਜੇਕਰ ਸਿਧਾਂਤ, ਪ੍ਰੋਗਰਾਮ ਅਤੇ ਨਿਸ਼ਾਨੇ ਸਾਂਝੇ ਹੋਣਗੇ ਤਾਂ ਹੀ ਏਕਤਾ ਕਾਇਮ ਰਹਿ ਸਕਦੀ ਹੈ। ਇਕ ਪਾਸੇ ਤਾਂ ਚੋਣ ਦਾ ਬਾਈਕਾਟ ਕਰਨ ਵਾਲੇ ਸਨ ਪ੍ਰੰਤੂ ਦੂਜੇ ਚੋਣਾਂ ਵਿਚ ਵਿਸ਼ਵਾਸ਼ ਕਰਦੇ ਸਨ। ਇਕ ਧਿਰ ਤਾਂ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਦੱਸੇ ਰਸਤੇ ਉਤੇ ਦੇਸ਼ ਦੀ ਏਕਤਾ ਅਤੇ ਅਖੰਡਤਾ ਦੀ ਹਾਮੀ ਸੀ ਪ੍ਰੰਤੂ ਦੂਜੇ ਪਾਸੇ ਅਜਿਹੇ ਅਨਸਰ ਸਨ ਜਿਨ੍ਹਾਂ ਨੇ ਸੰਤ ਲੌਂਗੋਵਾਲ ਦੇ ਕਤਲ ਉਤੇ ਗੁਰਦੁਆਰਿਆਂ ਵਿਚ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿਚ ਖੁਸ਼ੀਆਂ ਮਨਾਹੀਆਂ। ਇਸੇ ਕਰਕੇ ਅਕਾਲੀ ਦਲ (ਲੌਂ:) ਉਸ ਏਕਤਾ ਦੇ ਹੱਕ ਵਿਚ ਨਹੀਂ ਸੀ। ਬਰਨਾਲਾ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਦਾ ਸਟੈਂਡ ਹੁਣ ਸਹੀ ਸਾਬਤ ਸਿਧ ਹੋ ਰਿਹਾ ਹੈ।

# ਆਪਣੇ ਆਪ ਨੂੰ ਲੇਖਕ ਕਹਿਣ ਵਾਲਿਆਂ ਦੀ ਮੂੰਹ-ਬੋਲਦੀ ਤਸਵੀਰ



# ਸਰੀ ਵਿਚ 22 ਜੁਲਾਈ ਬਜ਼ੁਰਗਾਂ ਦਾ ਦਿਨ

22 ਜੁਲਾਈ ਨੂੰ ਸਰੀ ਵਿਚ 65 ਸਾਲ ਤੋਂ ਵੱਧ ਉਮਰ ਦੇ ਬਜ਼ੁਰਗਾਂ ਦੇ ਮਾਣ ਵਿਚ ਮੇਅਰ ਅਤੇ ਕੌਂਸਲ ਵਲੋਂ ਪਾਰਟੀ ਦਿੱਤੀ ਜਾ ਰਹੀ ਹੈ। ਇੰਡੋ-ਕੈਨੇਡੀਅਨ ਕਮਿਊਨਿਟੀ ਦੇ ਬਜ਼ੁਰਗਾਂ ਨੂੰ ਇਸ ਮਾਣ ਵਿਚ ਸ਼ਾਮਲ ਹੋਣ ਲਈ ਕੌਂਸਲ ਨੇ ਸੱਦਾ ਦਿੱਤਾ ਹੈ। ਇਸ ਲਈ ਬਜ਼ੁਰਗਾਂ ਨੂੰ ਜ਼ਰੂਰ ਬੇਅਰ ਕਰੀਕ ਪਾਰਕ ਪਹੁੰਚਕੇ ਲੰਚ ਅਤੇ ਮਨੋਰੰਜਨ ਵਿਚ ਹਿਸਾ ਲੈਣਾ ਚਾਹੀਦਾ ਹੈ।

### ਪ੍ਰੋਗਰਾਮ :

10 ਵਜੇ ਤੋਂ 11 ਵਜੇ ਸਵੇਰੇ —
ਐਲਡਰਮੈਨ ਗੈਰੀ ਵਾਟਕਿਨਸ
ਰਜਿਸਟਰੇਸ਼ਨ ਅਤੇ ਇਕੱਠ
11 ਤੋਂ ਸਵਾ ਗਿਆਰਾਂ ਵਜੇ —
ਮੇਅਰ ਵਲੋਂ ਉਦਘਾਟਨ
12.10 ਤੋਂ 1.00 ਵਜੇ — ਲੰਚ ਤੇ ਮਨੋਰੰਜਨ
1 ਤੋਂ 1.20 ਤੱਕ — ਐਵਾਰਡ
1.20 ਤੋਂ 2.30 ਤੱਕ — ਲਿੰਡਾ ਜੋਨਜ਼ ਐਂਡ ਕੰਪਨੀ



## ਸਰੀ ਦੇ ਮੇਅਰ ਵਲੋਂ ਸੁਨੇਹਾ

ਮੇਅਰ ਅਤੇ ਸਰੀ ਦੇ ਕੌਂਸਲ ਮੈਂਬਰ ਸ਼ੁਕਰਵਾਰ 22 ਜੁਲਾਈ, 1988 ਨੂੰ ਸਵੇਰੇ ਦਸ ਵਜੇ ਤੋਂ ਸ਼ਾਮ ਦੇ ਤਿੰਨ ਵਜੇ ਤੱਕ ਬੇਅਰ ਕਰੀਕ ਪਾਰਕ ਵਿਚ ਸਾਲਾਨਾ ਬਜ਼ੁਰਗ ਦਿਨ ਫਿਰ ਮਨਾ ਰਹੇ ਹਨ।

ਹਰ ਸਾਲ ਇਹ ਦਿਨ 65 ਸਾਲ ਦੀ ਉਮਰ ਤੋਂ ਵੱਧ ਦੇ ਬਜ਼ੁਰਗਾਂ ਨੂੰ ਮਾਣ ਦੇਣ ਲਈ ਰਾਖਵਾਂ ਹੈ ਤਾਕਿ ਸਾਡੀ ਮਿਊਂਸਪੈਲਿਟੀ ਇਨ੍ਹਾਂ ਬਜ਼ੁਰਗਾਂ ਪ੍ਰਤੀ ਆਪਣਾ ਸਨੇਹ ਪ੍ਰਗਟਾ ਸਕੇ।

ਅਸੀਂ ਆਸ ਕਰਦੇ ਹਾਂ ਕਿ ਤੁਸੀਂ ਲੰਚ ਅਤੇ ਮਨੋਰੰਜਨ ਨੂੰ ਮਾਣੋਗੇ।

Bob Bose

ਬੌਬ ਬੋਸ - ਮੇਅਰ

Sutton GROUP

ਕਿਸੇ ਵੀ ਤਰ੍ਹਾਂ ਦੀ ਜਾਇਦਾਦ ਖ੍ਰੀਦਣ ਜਾਂ ਵੇਚਣ ਤੋਂ ਪਹਿਲਾਂ

ਰਾਵਿੰਦਰ ਰਾਮਪੁਰੀ

ਨੂੰ ਫ਼ੋਨ ਕਰੋ

- ਮੌਰਟਗੇਜ ਲੈਣ ਲਈ ਤੁਹਾਨੂੰ ਬੈਂਕ ਕੋਲ ਜਾਣ ਦੀ ਲੋੜ ਨਹੀਂ। ਮੌਰਟਗੇਜ ਦਾ ਬੰਦੋਬਸਤ ਮੌਕੇ ਉਤੇ ਹੀ ਕੀਤਾ ਜਾ ਸਕਦਾ ਹੈ।

Thinking of Selling or Buying REAL ESTATE?

MARKET IS VERY ACTIVE

REMEMBER:

- THE REAL ESTATE MARKET IS CHANGING
- DON'T UNDERSELL YOUR PROPERTY
- DON'T DELAY. CALL ME FIRST FOR A FREE "UP-TO-DATE" MARKET EVALUATION OF YOUR HOME.

FOR ALL YOUR REAL ESTATE NEEDS

CALL

RAV RAMPURI



RAV RAMPURI
OFF. 435-9477
PAGER 686-1160

435-9477 sutton group - excel realty corp. AN INDEPENDENT MEMBER BROKER 435-9477

# ਬਿਹਾਰ ਦੇ ਵੋਟਰ ਕਾਂਗਰਸ ਆਈ ਨੂੰ '77 ਵਰਗਾ ਸਬਕ ਸਿਖਾਉਣ ਦੇ ਰੌਂ ਵਿਚ

ਪਟਨਾ — ਪਿਛੇ ਜੇਹੇ ਹੋਈਆਂ ਉਪ ਚੋਣਾਂ ਤੋਂ ਪਿਛੋਂ ਬਿਹਾਰ ਸੂਬੇ ਦੇ ਸਬੰਧ ਵਿਚ ਅਖਬਾਰ "ਪੈਟਰੀਆਟ" ਵਿਚ ਛਪੇ ਇਕ ਸਰਵੇਖਣ ਵਿਚ ਕਿਹਾ ਗਿਆ ਹੈ ਕਿ ਨਾ ਕੇਵਲ ਸੂਬੇ ਅੰਦਰ ਕਾਂਗਰਸ ਆਈ ਹੀ ਬੁਰੀ ਤਰ੍ਹਾਂ ਵੰਡੀ ਹੋਈ ਹੈ ਸਗੋਂ ਸਮੁੱਚੇ ਰਾਜਾਂ ਵਿਚ ਕਾਂਗਰਸ ਆਈ ਵਿਰੁਧ ਓਸੇ ਤਰ੍ਹਾਂ ਦੀ ਹਵਾ ਚਲ ਰਹੀ ਹੈ ਜਿਸ ਤਰ੍ਹਾਂ ਦੀ ਕਿ 1977 ਵਿਚ ਚਲ ਰਹੀ ਸੀ। ਸਰਵੇਖਣ ਵਿਚ ਕਿਹਾ ਗਿਆ ਹੈ ਕਿ ਉਪ ਚੋਣਾਂ ਦੇ ਸਿਟਿਆਂ ਪਿਛੋਂ ਜਿਥੇ ਅਪੋਜ਼ੀਸ਼ਨ ਦੀਆਂ ਸਫਾਂ ਵਿਚ ਨੇੜਤਾ ਵੇਖੀ ਗਈ ਹੈ ਅਤੇ ਕਾਂਗਰਸ ਆਈ ਵਿਚ ਧੜੇਬੰਦੀ ਤਿੱਖੀ ਹੋਣ ਦੇ ਆਸਾਰ ਵਖਾਈ ਦਿੱਤੇ ਹਨ।

ਉਪ ਚੋਣਾਂ ਦੇ ਸਿਟਿਆਂ ਪਿਛੋਂ ਬਿਹਾਰ ਰਾਜ ਕਾਂਗਰਸ ਆਈ ਦਾ ਪ੍ਰਧਾਨ ਤਾਰਕ ਅਨਵਰ ਦਿੱਲੀ ਨੂੰ ਚਲ ਪਿਆ ਸੀ ਤਾਂ ਜੋ ਕੇਂਦਰ ਤੋਂ ਨਵੀਂ ਲਾਈਨ ਲਿਆਂਦੀ ਜਾਵੇ। ਕਾਂਗਰਸ ਆਈ ਦੇ ਕੁਝ ਹੋਰ ਲੀਡਰ ਵੀ ਇਸ ਸਮੇਂ ਦਿੱਲੀ ਵਿਚ ਹਨ ਤੇ ਉਹਨਾਂ ਵਲੋਂ ਮੁਖ ਮੰਤਰੀ ਵਿਰੁਧ ਕਈ ਤਰ੍ਹਾਂ ਦੇ ਦੋਸ਼ ਲਾਏ ਗਏ ਹਨ। ਬਿਹਾਰ ਕਾਂਗਰਸ ਆਈ ਦੇ ਕੁਝ ਉਘੇ ਲੀਡਰ ਰਾਜ ਅੰਦਰ ਉਭਰੇ ਖਤਰੇ ਨੂੰ ਕਿਸੇ ਤਰ੍ਹਾਂ ਵੀ ਨਹੀਂ ਛੁਪਾ ਰਹੇ। ਕਾਂਗਰਸ ਆਈ ਅਸੰਬਲੀ ਮੈਂਬਰਾਂ ਵਲੋਂ ਮੁਖ ਮੰਤਰੀ ਦੇ ਜ਼ਿੱਦੀ ਤੇ ਹੱਠੀ ਰਵਈਏ ਵਿਰੁਧ ਕਈ ਤਰੀਕਿਆਂ ਨਾਲ ਰੋਸ ਪ੍ਰਗਟਾਇਆ ਗਿਆ ਹੈ।

ਵਿਧਾਨ ਸਭਾ ਅਤੇ ਵਿਧਾਨ ਪ੍ਰੀਸ਼ਦ ਲਾਬੀ ਵਿਚ ਕਾਂਗਰਸ ਆਈ ਅਸੰਬਲੀ ਮੈਂਬਰ ਖੁਲ੍ਹੇ-ਆਮ ਇਹ ਗੱਲਾਂ ਕਰਦੇ ਵੇਖੇ ਗਏ ਹਨ ਕਿ ਸਰਕਾਰ ਹਰ ਫਰੰਟ ਉਤੇ ਹੀ ਫੇਲ੍ਹ ਹੋਈ ਹੈ। ਆਮ ਲੋਕਾਂ ਦੇ ਇਹ ਪ੍ਰਭਾਵ ਹਨ ਕਿ ਜ਼ਮੀਨੀ ਸੁਧਾਰ ਨਾ ਹੋਣ, ਮੁਜ਼ਾਰਿਆਂ ਨੂੰ ਫਸਲ ਦਾ ਯੋਗ ਹਿਸਾ ਨਾ ਮਿਲਣ ਤੇ ਘੱਟੋ ਘੱਟ ਉਜਰਤਾਂ ਦੇ ਕਾਨੂੰਨਾਂ ਤੇ ਅਮਲ ਨਾ ਹੋਣ ਕਾਰਨ ਸਮਾਜਕ ਖਿਚਾਅ ਵਧਿਆ ਹੈ ਇਸ ਤੋਂ ਬਿਨਾਂ ਰਾਜ ਅੰਦਰ 5000 ਛੋਟੀਆਂ ਸਨਅਤਾਂ ਬੰਦ ਹੋਣ ਕਾਰਨ ਸਨਅੱਤ ਵਰਕਰ ਬੁਰੀ ਤਰ੍ਹਾਂ ਨਿਰਾਸ਼ ਹਨ, ਬੇਰੁਜ਼ਗਾਰੀ ਤੇਜ਼ੀ ਨਾਲ ਵਧ ਰਹੀ ਹੈ ਇਸ ਤੋਂ ਬਿਨਾਂ ਵਿਦਿਅਕ ਖੇਤਰ ਵਿਚ ਹਫੜਾ ਦਫੜੀ ਫੈਲੀ ਹੋਈ ਹੈ। ਰਾਜ ਅੰਦਰ ਸੜਕਾਂ, ਪੁਲਾਂ ਤੇ ਹੋਰ ਪਬਲਿਕ ਅਦਾਰਿਆਂ ਦਾ ਵੀ ਬੁਰਾ ਹਾਲ ਹੈ। ਰਾਜ ਅੰਦਰ ਜਾਗੀਰੂ ਤੇ ਪੁਲਸ ਅਤਿਆਚਾਰ ਵਧ ਰਹੇ ਹਨ। ਇਸ ਤਰ੍ਹਾਂ ਦੀ ਅਵਸਥਾ ਵਿਚ ਲੋਕਾਂ ਵਿਚ ਭਾਰੀ ਨਿਰਾਸ਼ਾ ਹੈ। ਉਹਨਾਂ ਦੀ ਮੰਗ ਹੈ ਕਿ ਸਰਕਾਰ ਰੋਟੀ ਰੋਜ਼ੀ ਦੀ ਗਾਰੰਟੀ ਦੇਵੇ। ਪੇਂਡੂ ਤੇ ਸ਼ਹਿਰੀ ਖੇਤਰਾਂ ਵਿਚ ਲੋਕਾਂ ਵਿਚ ਭਾਰੀ ਬੇ-ਚੈਨੀ ਪਾਈ ਜਾ ਰਹੀ ਹੈ।


**Thinking of Buying or Selling**

ਆਪਣੀ ਜਾਇਦਾਦ ਦੀ ਸਹੀ ਕੀਮਤ ਜਾਨਣ ਲਈ ਅਤੇ ਕਿਸੇ ਭੀ ਕਿਸਮ ਦੀ ਜਾਇਦਾਦ ਖ਼੍ਰੀਦਣ ਜਾਂ ਵੇਚਣ ਤੋਂ ਪਹਿਲਾਂ ਜ਼ਰੂਰ ਮਿਲੋ ਜਾਂ ਫ਼ੋਨ ਕਰੋ :

***For The Best Selection & 100% Satisfaction***



ਨਿਰਮਲ ਸਿੰਘ ਧਾਲੀਵਾਲ

**NIRMAL (Neil) DHALIWAL**

Bus: **588-9955** Res: **597-2069**

Specializing in: Lots, New Homes, Investment Properties, Farms, Industrial & Commercials

**WORKING 100% FOR YOU**



LAKEVIEW REALTY LTD.

10732 KING GEORGE HWY., SURREY, B.C. V3T 2X7



GM **WESTMINSTER**

**12th. STREET AT QUEENS AVE., NEW WESTMINSTER, B.C.**

ਆਪ ਨਵੀਂ ਜਾਂ ਪੁਰਾਣੀ ਕਾਰ ਵੇਚਣੀ ਜਾਂ ਖ਼੍ਰੀਦਣੀ ਚਾਹੁੰਦੇ ਹੋ ਤਾਂ ਵਧੀਆ ਡੀਲ ਲਈ ਪ੍ਰੋਫੈਸ਼ਨਲ ਸੇਲਜ਼ਮੈਨ

**ਗੁਰਜੀਤ ਬਾਵਾ ਢੀਂਡਸਾ**

ਨੂੰ ਜ਼ਰੂਰ ਮਿਲੋ ਜਾਂ ਫੋਨ ਕਰੋ। ਉਹ ਤੁਹਾਨੂੰ ਵਧੀਆ ਕਾਰ ਵਾਜ਼ਬ ਕੀਮਤ ਤੇ ਦਿਵਾਉਣ ਦਾ ਵਾਅਦਾ ਕਰਦੇ ਹਨ।

- ਥੋੜ੍ਹੀ ਜਿਹੀ ਡਾਊਨ ਪੇਮੈਂਟ ਦੇ ਕੇ ਆਸਾਨ ਕਿਸ਼ਤਾਂ ਤੇ ਕਾਰ ਦਿਵਾ ਸਕਦੇ ਹਨ।

**BUS. 521-7731**

**Pager 687-1985 #5531**



ਗੁਰਜੀਤ ਢੀਂਡਸਾ ਬਾਵਾ

FOR **BEST DEAL & BEST SERVICE**





ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ

**ਘੱਟ ਤੋਂ ਘੱਟ ਕਿਰਾਏ**

**London** From **$599.00** **Toronto** From **$299.00**

**Toronto** From **$179.00** [One Way]



***AUTHORIZED AGENTS FOR:***

AIR CANADA
BRITISH AIRWAYS
CATHAY PACIFIC
CANADIAN AIRLINES INTERNATIONAL
THAI AIRWAYS INTERNATIONAL
& OTHER MAJOR AIRLINES

ਭਾਰਤ, ਪਾਕਿਸਤਾਨ, ਫੀਜ਼ੀ, ਲੰਡਨ, ਸ੍ਰੀ ਲੰਕਾ, ਫਿਜ਼ਨੀਲੈਂਡ, ਹਵਾਈ ਜਾਂ ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ

**ਘੱਟ ਤੋਂ ਘੱਟ ਕਿਰਾਏ**

ਜੇਕਰ ਤੁਸੀਂ ਲੰਡਨ ਰਾਹੀਂ ਜਾ ਰਹੇ ਹੋ ਤਾਂ ਤੁਸੀਂ 2 ਸੂਟਕੇਸ ਆਪਣੇ ਨਾਲ ਲਿਜਾ ਸਕਦੇ ਹੋ

Prices are subject to change without notice

**BAINS TRAVEL SERVICE**

6364 Fraser Street, Vancouver, B.C. Ph. 324-2277

935 Marine Drive Capilano Mall, N. Vancouver

1710 Douglas St. Victoria, B.C. Ph. 386-6363


# ਪਾਕਿਸਤਾਨ ਸਿੱਖ ਅਤਿ-ਵਾਦੀਆਂ ਨੂੰ ਮਦਦ ਨਹੀਂ ਦੇ ਰਿਹਾ — ਜ਼ਿਆ

ਇਸਲਾਮਾਬਾਦ — ਪਾਕਿਸਤਾਨੀ ਸਦਰ ਜ਼ਿਆ ਉਲ ਹੱਕ ਨੇ ਕਿਹਾ ਹੈ ਕਿ ਪਾਕਿਸਤਾਨ ਭਾਰਤੀ ਪੰਜਾਬ ਵਿਚਲੇ ਸਿੱਖ ਦਹਿਸ਼ਤਪਸੰਦਾਂ ਨੂੰ ਕਿਸੇ ਵੀ ਤਰ੍ਹਾਂ ਦੀ ਮੱਦਦ ਨਹੀਂ ਦੇ ਰਿਹਾ। ਇਥੇ ਕਾਇਦੇ ਆਜ਼ਮ ਯੂਨੀਵਰਸਿਟੀ ਵਲੋਂ "ਕੌਮੀ ਸਥਿਰਤਾ ਤੇ ਦੱਖਣੀ ਏਸ਼ੀਆ ਵਿਚ ਖੇਤਰੀ ਸੁਰੱਖਿਆ" ਦੇ ਵਿਸ਼ੇ 'ਤੇ ਕਰਵਾਈ ਇਕ ਕੌਮਾਂਤਰੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸਦਰ ਜ਼ਿਆ ਨੇ ਕਿਹਾ ਕਿ ਸਿੱਖ ਅਤਿਵਾਦੀਆਂ ਨੂੰ ਮਦਦ ਦੇਣ ਨਾਲ ਭਾਰਤ ਨੂੰ ਭੜਕਣ ਦਾ ਬਹਾਨਾ ਮਿਲੇਗਾ ਅਤੇ ਇਸੇ ਕਰਕੇ ਅਜਿਹੀ ਕਿਸੇ ਵੀ ਹਰਕਤ ਰਾਹੀਂ ਭਾਰਤ ਦੀ ਸਦਭਾਵਨਾ ਗਵਾਉਣਾ ਪਾਕਿਸਤਾਨ ਦੇ ਹਿਤ ਵਿਚ ਨਹੀਂ।

ਪਾਕਿਸਤਾਨੀ ਸਦਰ ਨੇ ਇਹ ਵੀ ਕਿਹਾ ਕਿ ਪਾਕਿਸਤਾਨ ਦਾ ਭਾਰਤ ਦੀ ਇਲਾਕਾਈ ਅਖੰਡਤਾ ਨੂੰ ਭੰਗ ਕਰਨ ਦਾ ਕੋਈ ਇਰਾਦਾ ਨਹੀਂ। ਉਨ੍ਹਾਂ ਸੁਝਾਅ ਦਿੱਤਾ ਕਿ ਪਾਕਿਸਤਾਨ ਤੇ ਭਾਰਤ ਨੂੰ ਦੁਵੱਲੇ ਮਤਭੇਦ ਸੁਲਝਾਉਣ ਲਈ ਸੰਜੀਦਗੀ ਨਾਲ ਕੋਸ਼ਿਸ਼ਾਂ ਕਰਨੀਆਂ ਚਾਹੀਦੀਆਂ ਹਨ।

ਉਨ੍ਹਾਂ ਕਿਹਾ ਕਿ ਦੋਹਾਂ ਦੇਸ਼ਾਂ ਵਿਚਾਲੇ ਨੇੜਤਾ ਵਾਲੇ ਸਬੰਧ ਹੋਣ ਨਾਲ ਦੱਖਣੀ ਏਸ਼ੀਆ ਵਿਚ ਕਸ਼ੀਦਗੀ ਘਟੇਗੀ। ਸਦਰ ਜ਼ਿਆ ਦੀ ਰਾਏ ਸੀ ਕਿ ਮਤਭੇਦਾਂ ਨੂੰ ਲਮਕਾਉਣਾ ਦੋਹਾਂ ਦੇਸ਼ਾਂ ਦੇ ਹਿਤ ਵਿਚ ਨਹੀਂ। ਉਨ੍ਹਾਂ ਕਿਹਾ ਕਿ ਪਾਕਿਸਤਾਨ, ਭਾਰਤ ਨਾਲ ਭਰਾਵਾਂ ਵਾਲੇ ਸਬੰਧਾਂ ਦਾ ਚਾਹਵਾਨ ਹੈ ਅਤੇ ਉਹ ਕਸ਼ੀਦਗੀ ਘਟਾਉਣ ਲਈ ਹਰ ਸੰਭਵ ਯਤਨ ਕਰਨ ਲਈ ਤਿਆਰ ਹੈ। ਉਨ੍ਹਾਂ ਕਿਹਾ ਕਿ ਭਾਰਤ ਨੂੰ ਪਾਕਿਸਤਾਨੀ ਪਹਿਲ ਪ੍ਰਤੀ ਸਦਭਾਵਨਾ ਵਿਖਾਉਣੀ ਚਾਹੀਦੀ ਹੈ।

# ਬਰਨਾਲਾ-ਬਾਦਲ ਧੜੇ ਇੱਕ ਹੋਣ ਲੱਗੇ

## ਬਰਨਾਲਾ ਨੇ ਜਥੇਦਾਰਾਂ ਤੋਂ ਮੁਆਫ਼ੀ ਮੰਗੀ

ਚੰਡੀਗੜ੍ਹ — ਇਥੇ ਪਿਛਲੇ ਕੁਝ ਦਿਨਾਂ ਤੋਂ ਰਾਜਸੀ ਸਰਗਰਮੀਆਂ ਵਿਚ ਕਾਫੀ ਤੇਜ਼ੀ ਆਈ ਹੈ। ਬਰਨਾਲਾ ਧੜੇ ਤੇ ਸਾਂਝੇ ਅਕਾਲੀ ਦਲ ਵਿਚਕਾਰ ਲਗਾਤਾਰ ਮੀਟਿੰਗਾਂ ਹੋਣ ਦੀਆਂ ਖਬਰਾਂ ਹਨ ਜਿਨ੍ਹਾਂ ਤੋਂ ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਅਗਲੇ ਕੁਝ ਦਿਨਾਂ ਵਿਚ ਦੋਵੇਂ ਅਕਾਲੀ ਦਲ ਇਕ ਹੋ ਜਾਣਗੇ

ਸਾਬਕਾ ਮੁਖ-ਮੰਤਰੀ ਸੁਰਜੀਤ ਸਿੰਘ ਬਰਨਾਲਾ ਨੇ ਅੰਮ੍ਰਿਤਸਰ ਜਾਕੇ ਜਥੇਦਾਰਾਂ ਤੋਂ ਮੰਗ ਕੀਤੀ ਹੈ ਕਿ ਉਨ੍ਹਾਂ ਨੂੰ ਪੰਥ ਵਿਚੋਂ ਛੇਕੇ ਜਾਣ ਦਾ ਫੈਸਲਾ ਵਾਪਸ ਲਿਆ ਜਾਵੇ। ਜਥੇਦਾਰਾਂ ਨੇ ਬੇਸ਼ਕ ਫੈਸਲਾ ਰਾਖਵਾਂ ਰੱਖਿਆ ਹੈ ਪਰ ਆਸ ਕੀਤੀ ਜਾ ਰਹੀ ਹੈ ਕਿ ਬਰਨਾਲਾ ਨੂੰ ਮੁੜ ਪੰਥ ਵਿਚ ਲੈ ਲਿਆ ਜਾਵੇਗਾ।

ਇਸੇ ਦੌਰਾਨ ਪਟਿਆਲਾ ਵਿਚ ਹੋਈ ਸਾਂਝੇ ਅਕਾਲੀ ਦਲ ਦੀ ਮੀਟਿੰਗ ਵਿਚ ਬਾਬਾ ਦਲ ਵਲੋਂ ਪਾਸ ਕੀਤੇ ਮਤਿਆਂ ਦਾ ਵਿਰੋਧ ਕੀਤਾ ਗਿਆ ਤੇ 31 ਮੈਂਬਰਾਂ ਵਿਚ 19 ਮੈਂਬਰਾਂ ਨੇ ਮੰਗ ਕੀਤੀ ਕਿ ਸ਼੍ਰੋਮਣੀ ਅਕਾਲੀ ਦਲ ਬਹਾਲ ਕੀਤਾ ਜਾਵੇ ਤੇ ਸਾਂਝਾ ਅਕਾਲੀ ਦਲ ਖਤਮ ਕਰ ਦਿੱਤਾ ਜਾਵੇ।

## ਬਰਨਾਲਾ ਵਲੋਂ ਨੌਜਵਾਨਾਂ ਨੂੰ ਸੱਦਾ

ਲੁਧਿਆਣੇ ਨੇੜੇ ਇਕ ਪਿੰਡ ਵਿਚ ਭਾਸ਼ਨ ਦਿੰਦਿਆਂ ਸ: ਬਰਨਾਲਾ ਨੇ ਕਿਹਾ ਕਿ ਸਿੱਖ ਨੌਜਵਾਨਾਂ ਲਈ ਜ਼ਰੂਰੀ ਹੈ ਕਿ ਉਹ ਕੌਮੀ ਧਾਰਾ ਵਿਚ ਸ਼ਾਮਲ ਹੋਣ ਤੇ ਗੁਮਰਾਹ ਕਰਨ ਵਾਲੇ ਅਨਸਰਾਂ ਤੋਂ ਬਚ ਕੇ ਰਹਿਣ। ਉਨ੍ਹਾਂ ਕਿਹਾ ਅਕਾਲੀ ਲੀਡਰਸ਼ਿਪ ਆਪਣੀਆਂ ਜ਼ਿਮੇਂਵਾਰੀਆਂ ਤੋਂ ਭੱਜੇਗੀ ਨਹੀਂ।

# ਭਾਰਤ ਦੀ ਪਹਿਲੀ ਮਹਿਲਾ ਪਾਈਲਾਟ — ਹਰਪ੍ਰੀਤ ਆਹਲੂਵਾਲੀਆ

ਹੈਦਰਾਬਾਦ — 20 ਸਾਲਾਂ ਦੀ ਯੁਵਤੀ ਹਰਪ੍ਰੀਤ ਆਹਲੂਵਾਲੀਆ ਪਹਿਲੀ ਭਾਰਤੀ ਮਹਿਲਾ ਪਾਈਲਾਟ ਹੋਵੇਗੀ ਜੋ ਏਅਰ-ਇੰਡੀਆ ਜਹਾਜ਼ ਦੀ ਉਡਾਣ ਭਰੇਗੀ। ਇੰਦਰਾ ਗਾਂਧੀ ਅਕੈਡਮੀ ਵਿਚੋਂ ਟਰੇਨਿੰਗ ਲੈਣ ਵਾਲੀ ਹਰਪ੍ਰੀਤ ਉਨ੍ਹਾਂ 20 ਕੈਡਿਟਾਂ ਵਿਚ ਸ਼ਾਮਲ ਸੀ ਜਿਨ੍ਹਾਂ ਨੂੰ ਕਮਰਸ਼ਲ ਪਾਈਲਾਟ ਦਾ ਲਾਇਸੰਸ ਮਿਲਿਆ ਹੈ।

ਹਰਪ੍ਰੀਤ ਆਹਲੂਵਾਲੀਆ ਦਾ ਪਿਛਲਾ ਰੀਕਾਰਡ ਬਹੁਤ ਸ਼ਾਨਦਾਰ ਦੱਸਿਆ ਜਾਂਦਾ ਹੈ। ਉਸ ਨੇ ਬੀ. ਏ. ਦਾ ਕੋਰਸ ਨਜ਼ਾਮ ਕਾਲਜ, ਹੈਦਰਾਬਾਦ ਤੋਂ ਪਾਸ ਕੀਤਾ। ਇਸ ਤੋਂ ਪਹਿਲਾਂ 1985 ਵਿਚ ਦਿੱਲੀ ਦੇ ਰੀਪਬਲਿਕ ਡੇਅ ਸਮੇਂ ਐਨ. ਸੀ. ਸੀ. ਪਰੇਡ ਦੀ ਕੈਡਿਟ ਵਜੋਂ ਉਸ ਨੇ ਰਾਸ਼ਟਰੀ ਸਨਮਾਨ ਜਿਤਿਆ।

ਹਰਪ੍ਰੀਤ ਨੇ 1985-86 ਵਿਚ ਕੈਨੇਡਾ ਵਿਚ ਲੱਗੇ ਯੂਥ ਕੈਂਪ ਦੀ ਅਗਵਾਈ ਵੀ ਕੀਤੀ ਸੀ।

# ਲਾਹੌਰ ਵਿਚ ਦੋ ਲੱਖ ਲੋਕਾਂ ਵਲੋਂ ਮੁਜ਼ਾਹਰਾ

ਲਾਹੌਰ — ਪਾਕਿਸਤਾਨ ਦੇ ਫੌਜੀ ਡਿਕਟੇਟਰ ਜ਼ਿਆ-ਉਲ-ਹੱਕ ਵਿਰੁੱਧ ਪਾਕਿਸਤਾਨ ਦੀਆਂ ਸਾਰੀਆ ਸਿਆਸੀ ਪਾਰਟੀਆਂ ਨੇ ਕੱਲ੍ਹ ਇਕ ਮੁਜ਼ਾਹਰਾ ਜਥੇਬੰਦ ਕੀਤਾ ਜਿਸ ਵਿਚ 22 ਕਿਲੋਮੀਟਰ ਦੇ ਲੰਮੇ ਮੁਜ਼ਾਹਰੇ ਵਿਚ ਦੋ ਲੱਖ ਤੋਂ ਵੱਧ ਲੋਕ ਸ਼ਾਮਲ ਹੋਏ।

ਇਸ ਮੁਜ਼ਾਹਰੇ ਦੀ ਅਗਵਾਈ ਪੀਪਲਜ਼ ਪਾਰਟੀ ਦੀ ਆਗੂ ਸ੍ਰੀਮਤੀ ਬੇਨਜ਼ੀਰ ਭੁੱਟੋ ਨੇ ਕੀਤੀ। ਬੇਨਜ਼ੀਰ ਨੇ ਮੰਗ ਕੀਤੀ ਕਿ ਪਾਕਿਸਤਾਨ ਵਿਚੋਂ ਫੌਜੀ ਡਿਕਟੇਟਰਸ਼ਿਪ ਖਤਮ ਕੀਤੀ ਜਾਵੇ, ਡੈਮੋਕਰੇਸੀ ਬਹਾਲ ਕਰਕੇ 90 ਦਿਨਾਂ ਦੇ ਅੰਦਰ ਚੋਣਾਂ ਕਰਵਾਈਆਂ ਜਾਣ।

ਬੇਨਜ਼ੀਰ ਨੇ ਕਿਹਾ ਕਿ ਪਾਕਿਸਤਾਨ ਦੇ ਲੋਕ ਪਿਛਲੇ ਚਾਲੀ ਸਾਲ ਤੋਂ ਗੁਲਾਮਾਂ ਦੀ ਤਰ੍ਹਾਂ ਜੀਵਨ ਬਤੀਤ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਲੋਕ ਹੁਣ ਡਿਕਟੇਟਰਸ਼ਿਪ ਤੋਂ ਤੰਗ ਆ ਚੁਕੇ ਹਨ।

# ਬਦਲ ਬਣਨ ਲਈ ਠੋਸ ਤੇ ਘੱਟੋ ਘੱਟ ਪ੍ਰੋਗਰਾਮ ਰੱਖਣਾ ਜ਼ਰੂਰੀ — ਜਿਓਤੀ ਬਾਸੂ

ਕਲਕੱਤਾ — ਪੱਛਮੀ ਬੰਗਾਲ ਦੇ ਮੁਖ ਮੰਤਰੀ ਸਾਥੀ ਜਿਓਤੀ ਬਾਸੂ ਨੇ ਕਿਹਾ ਹੈ ਕਿ ਵਿਰੋਧੀ ਪਾਰਟੀਆਂ ਦੇ ਲੀਡਰਾਂ ਨੂੰ ਕਾਂਗਰਸ (ਆਈ) ਦਾ ਬਦਲ ਬਣਨ ਲਈ ਅਗਾਮੀ ਲੋਕ ਸਭਾ ਇਲੈਕਸ਼ਨਾਂ ਤੋਂ ਪਹਿਲੋਂ ਲੋਕਾਂ ਸਾਹਮਣੇ ਠੋਸ ਤੇ ਘਟੋ ਘੱਟ ਪ੍ਰੋਗਰਾਮ ਰਖਣਾ ਚਾਹੀਦਾ ਹੈ। ਜਨ ਮੋਰਚਾ ਲੀਡਰ ਵੀ ਪੀ ਸਿੰਘ ਦੀ ਜਿਤ ਮਨਾਉਣ ਲਈ ਸ਼ਹੀਦ ਪਾਰਕ ਵਿਖੇ ਕੀਤੇ ਗਏ ਜਲਸੇ ਨੂੰ ਸੰਬੋਧਨ ਕਰਦਿਆਂ ਸਾਥੀ ਜਿਓਤੀ ਬਾਸੂ ਨੇ ਕਿਹਾ ਕਿ ਕਾਂਗਰਸ ਵਾਂਗ ਲੋਕਾਂ ਨਾਲ ਫੋਕੇ ਵਾਅਦੇ ਕਰਨ ਨਾਲ ਗੱਲ ਨਹੀਂ ਬਣੇਗੀ, ਇਹਨਾਂ ਵਾਅਦਿਆਂ ਨੂੰ ਆਮ ਜਨਤਾ ਦੇ ਲਾਭ ਲਈ ਠੋਸ ਤੌਰ ਤੇ ਅਮਲ ਵਿਚ ਲਿਆਂਦਿਆਂ ਹੀ ਚੰਗੇ ਸਿਟੇ ਨਿਕਲ ਸਕਦੇ ਹਨ। ਉਹਨਾਂ ਹੋਰ ਕਿਹਾ ਕਿ 1984 ਵਿਚ ਰਾਜੀਵ ਨੇ ਲੋਕਾਂ ਤੋਂ ਭਾਰੀ ਬਹੁਮਤ ਲੈ ਕੇ ਕੇਂਦਰ ਵਿਚ ਸਰਕਾਰ ਬਣਾਈ ਸੀ, ਪਰ ਹੁਣ ਦੀਆਂ ਜਿਮਨੀ ਚੋਣਾਂ ਤੋਂ ਸਪਸ਼ਟ ਹੁੰਦਾ ਹੈ ਕਿ ਉਹ ਲੋਕਾਂ ਦਾ ਵਿਸ਼ਵਾਸ਼ ਗੁਆ ਚੁਕਾ ਹੈ ਕਿਉਂਕਿ ਉਹ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਵਿਚ ਬੁਰੀ ਤਰ੍ਹਾਂ ਅਸਫਲ ਰਿਹਾ ਹੈ।

ਕੁੱਦਣਾ ਪੈਣਾ ਹੈ ਡੂੰਘੇ ਸਾਗਰਾਂ ਵਿਚ,
ਰੇਤ ਬਣ, ਕਦ ਤਕ ਕਿਨਾਰੇ ਬੈਠਣਾ ਹੈ।

# ਅਪੀਲ



ਮੇਰੇ ਪਿਆਰੇ ਵਤਨ ਹਿੰਦੋਸਤਾਨ ਤੇ ਮੇਰੀ ਮਾਂ ਬੋਲੀ ਤੇ ਸਭਿਆਚਾਰ ਨੂੰ ਸੰਭਾਲੀ ਬੈਠੇ — ਦੋਨਾਂ ਪੰਜਾਬਾਂ ਦੇ ਦੋਸਤੋ ਵੀਰੋ ਤੇ ਭੈਣੋ — ਅਸੀਂ ਪੰਜ ਦਰਿਆ ਕਲਚਰਲ ਟਰੁੱਪ ਦੇ ਕਲਾਕਾਰ ਅੱਜ ਤੁਹਾਡੇ ਰੂਹਬਰੂ ਹੋਕੇ ਜਾਂ ਅੰਗ ਸੰਗ ਰਹਿਕੇ ਬਹੁਤ ਮਾਣ ਮਹਿਸੂਸ ਕਰ ਰਹੇ ਹਾਂ। ਅਸੀਂ ਤੁਹਾਡੇ ਸੁਪਨਿਆਂ 'ਚ ਵਸੇ ਤੁਹਾਡੇ ਪੰਜਾਬ, ਤੁਹਾਡੀ ਮਿੱਟੀ, ਤੁਹਾਡੇ ਪਿੰਡਾਂ, ਤੁਹਾਡੇ ਸ਼ਹਿਰਾਂ, ਖੂਹ, ਟੋਭਿਆਂ ਤੇ ਦਰਿਆਵਾਂ ਦੀ ਮਹਿਕ ਤੁਹਾਡੇ ਲਈ ਲੈ ਕੇ ਆਏ ਹਾਂ।

ਸਾਡਾ ਗਰੁਪ ਪੰਜਾਬ ਤੇ ਹਿੰਦੋਸਤਾਨ ਵਿਚ ਅਨੇਕਾਂ ਸਭਿਆਚਾਰਕ ਸ਼ੋਅ ਕਰ ਚੁਕਾ ਹੈ ਤੇ ਇਹ ਗੱਲ ਅਸੀਂ ਮਾਣ ਨਾਲ ਕਹਿੰਦੇ ਹਾਂ ਕਿ ਸਾਨੂੰ ਹਰ ਜਗਾਹ ਤੋਂ ਤੇ ਹਰ ਵਿਚਾਰ ਦੀ ਪ੍ਰੈਸ ਤੋਂ ਮਣਾਂ ਮੂੰਹੀਂ ਪਿਆਰ, ਇਜ਼ਤ ਤੇ ਮਾਣ ਮਿਲਿਆ ਕਿਉਂਕਿ ਸਾਡੇ ਪ੍ਰੋਗਰਾਮ ਵਿਚ ਕੋਈ ਲਫਜ਼, ਕੋਈ ਗੀਤ, ਕੋਈ ਸਕਿਟ ਕੋਈ ਨਾਚ, ਐਸਾ ਨਹੀਂ ਹੁੰਦਾ ਜਿਸਨੂੰ ਅਸੀਂ ਆਪਣੀਆਂ ਮਾਵਾਂ, ਆਪਣੀਆਂ ਭੈਣਾਂ ਜਾਂ ਬੇਟੀਆਂ ਸੰਗ ਬੈਠਕੇ ਦੇਖਦਿਆਂ ਸ਼ਰਮ ਮਹਿਸੂਸ ਕਰੀਏ। ਅਸੀਂ ਤੁਹਾਨੂੰ ਸਭਿਅਤਾ ਦੇ ਦਾਇਰੇ ਵਿਚ ਭਰਪੂਰ ਮਨੋਰੰਜਨ ਦੇਣ ਦਾ ਵਾਅਦਾ ਕਰਦੇ ਹਾਂ। ਤੇ ਇਸ ਗੱਲ ਦੀ ਗਵਾਹੀ ਉਹ ਹਜ਼ਾਰਾਂ ਦਰਸ਼ਕ ਦੇਣਗੇ ਜਿੰਨ੍ਹਾਂ ਨੇ ਸਾਨੂੰ, ਪਿੰਨਟਿਕਟਨ, ਐਬਟਸਫੋਰਡ, ਪ੍ਰਿੰਸ ਜੋਰਜ, ਯੂਬਾ ਸਿਟੀ, ਫਰਿਜਨੋ ਤੇ ਵੈਨਕੂਵਰ ਦੇ ਸ਼ੋਅਜ਼ ਵਿਚ ਵੇਖਿਆ ਹੈ।

ਸਾਡੀਆਂ ਭੈਣਾਂ ਨੂੰ ਇਹ ਸ਼ਿਕਾਇਤ ਹਮੇਸ਼ਾ ਰਹੀ ਹੈ ਕਿ ਪੰਜਾਬ ਤੋਂ ਆਏ ਪ੍ਰੋਗਰਾਮਾਂ ਵਿਚ ਬਹੁਤ ਖੱਪ ਪੈਂਦੀ ਹੈ ਤੇ ਦਰਸ਼ਕ ਭੀ ਤੇ ਕਲਾਕਾਰ ਭੀ ਬਹੁਤੀ ਵਾਰੀ ਗੈਰ ਸਭਿਅਕ ਲਫਜ਼ ਬੋਲਦੇ ਹਨ। ਪਰ ਅਸੀਂ ਤੁਹਾਨੂੰ ਮੁੜ ਤੁਹਾਡੇ ਤ੍ਰਿੰਜਣਾਂ, ਤੀਆਂ, ਕਿੱਕਲੀ, ਲੁਡੀ, ਅੱਡੀ ਟੱਪਾ ਤੇ ਸਿਠਣੀਆਂ ਮੇਹਣਿਆਂ ਦੀ ਦੁਨੀਆਂ 'ਚ ਲੈ ਜਾਵਾਂਗੇ। "ਨਾ ਮਾਰ ਜ਼ਾਲਮਾ ਵੇ, ਪੇਕੇ ਤੱਤੜੀ ਦੇ ਦੂਰ" ਵਰਗੇ ਗੀਤ ਤੁਹਾਡੇ ਮਨਾਂ ਦੀ ਤਰਜਮਾਨੀ ਕਰਨਗੇ। ਸਾਡੇ ਇਸ ਗਰੁਪ ਵਿਚ ਪੰਜਾਬੀ ਸਟੇਜਾਂ ਦਾ ਧਰੂ ਤਾਰਾ ਦੀਦਾਰ ਸਿੰਘ ਸੰਧੂ ਤੇ ਖੂਬਸੂਰਤ ਆਵਾਜ਼ ਦੀ ਮਲਿਕਾ ਸੁਸ਼ਮਾ ਹਨ। ਜਿੰਨਾਂ ਨੂੰ ਤੁਸੀਂ ਬੇਸਬਰੀ ਨਾਲ ਉਡੀਕਦੇ ਸੀ।

ਸਾਡੇ ਨਾਲ ਪੰਜਾਬੀ ਦੀਆਂ ਦੋਵੇਂ ਨੰਬਰ ਵਨ ਅਭਿਨੇਤਰੀਆਂ ਪੰਜਾਬੀ ਫਿਲਮਾਂ ਦੀ ਹੇਮਾ ਮਾਲਿਨੀ ਦਿਲਜੀਤ ਕੌਰ ਤੇ ਪੰਜਾਬੀ ਫਿਲਮਾਂ ਦੀ ਨਰਗਿਸ — ਰਮਾ ਵਿਜ ਹਨ। ਇਕ ਸਭ ਤੋਂ ਸੋਹਣੀ ਤੇ ਦੂਜੀ ਸਭ ਤੋਂ ਟੇਲੈਂਟਿਡ। ਇਨ੍ਹਾਂ ਦੇ ਗਾਏ ਗਾਣੇ, ਗੱਡੀ ਥੱਲੇ ਸਿਰ ਦੇ ਕੇ ਮਰ ਜਾਊਂਗੀ, ਕੋਕਾ ਘੜਵਾ ਦੇ ਮਾਹੀਆ, ਮੈਨੂੰ ਗਲ ਨਾਲ ਲਾ ਲੈ ਵੇ, ਮੇਰਾ ਲੌਂਗ ਗਵਾਚਾ, ਤੇ ਡਾਨਸਿਜ਼, ਵਾਢੀਆਂ ਦਾ ਨਾਚ, ਰੇਸ਼ਮੀ ਸਲਵਾਰ ਕੁੜਤਾ ਜਾਲੀ ਦਾ, ਸੜਕੇ ਸੜਕੇ ਜਾਂਦੀਏ ਮੁਟਿਆਰੇ ਨੀ ਤੇ ਗੁੰਗੇ ਦਾ ਵਿਆਹ ਦੀ ਸਕਿਟ — ਤੁਹਾਡਾ ਮਨ ਮੋਹ ਲੈਣਗੇ। ਟੁਣ-ਟੁਣ — ਹਿੰਦੀ ਸਕਰੀਨ ਦੀ ਸਭ ਤੋਂ ਵੱਡੀ ਕਮੇਡੀਅਨ ਔਰਤ, ਜਿਸਦੀ ਖੂਬਸੂਰਤ ਆਵਾਜ਼ ਵਿਚ "ਅਫਸਾਨਾ ਲਿਖ ਰਹੀ ਹੂੰ" ਵਰਗਾ ਅਮਰ ਗੀਤ ਸੁਣੋਗੇ। ਤੇ ਹਾਸਿਆਂ ਦੇ 'ਗੋਲ ਗੱਪੇ' ਭੀ ਸੁਣੋਗੇ। ਪੰਜਾਬੀ ਫਿਲਮਾਂ ਦੇ ਦੋ ਹੋਰ ਟੈਲੇਂਟਿਡ ਕਾਮੇਡੀਅਨ, ਡਾ. ਸੁਰਿੰਦਰ ਸ਼ਰਮਾ ਤੇ ਸਰੂਪ ਪਰਿੰਦਾ ਦੀਆਂ ਕਿੰਨੀਆਂ ਹੀ ਕਾਮੇਡੀ ਸਕਿਟਾਂ ਤੇ ਚੁਟਕਲੇ ਤੁਹਾਡਾ ਭਰਪੂਰ ਮਨੋਰੰਜਨ ਕਰਨਗੇ। ਮਾਲੀ ਰਾਮ ਦੇ ਢੋਲ ਦਾ ਡੱਗਾ ਤੇ ਬਾਕੀ ਦਸ ਕਲਾਕਾਰਾਂ ਦੀ ਦਿਲ ਟੁੰਬਣ ਵਾਲੀਆਂ ਆਈਟਮਾਂ ਤੁਹਾਨੂੰ — ਤੁਹਾਡੇ ਸੁਪਨਿਆਂ ਦੇ ਪੰਜਾਬ ਵਿਚ ਲੈ ਜਾਣਗੇ।

ਅਸੀਂ ਆਸ ਕਰਦੇ ਹਾਂ ਕਿ ਤੁਹਾਡੇ ਵਲੋਂ ਸਾਨੂੰ ਭਰਪੂਰ ਮਾਣ, ਇੱਜ਼ਤ, ਪਿਆਰ ਤੇ ਸਹਿਯੋਗ ਮਿਲੇਗਾ।

ਤੁਹਾਡਾ ਆਪਣਾ
**ਜਗਜੀਤ**
ਪੰਜ ਦਰਿਆ ਕਲਚਰਲ ਟਰੁੱਪ (ਫਿਲਮਕਾਰ ਤੇ ਨਿਰਦੇਸ਼ਕ)

■ BUYING ■ SELLING

Free Evaluation For Your Property
Call any time
Without any obligation

Ph. Bus: 736-3831 Res: 434-8548
Pager 687-1985 #2229



Malkit Dhami M.A. (Eco.)

United Realty Ltd.
3879 Oak Street, Vancouver, B.C. V6H 2M6

MERIDIAN INSURANCE

Life & Accident sickness

LOCATION 1
3268 COAST MERIDIAN RD.,
PORT COQUITLAM, B.C. V3B 3N4

LOCATION 2
Unit 115-8980 - No. 3 Road, RICHMOND, B.C. V6Y 2E8
(ਜੋ ਕਿ ਫਰਾਂਸਿਸ ਸਟਰੀਟ ਤੇ ਨੰਬਰ 3 ਰੋਡ ਦੇ ਕੋਨੇ ਤੇ ਹੈ)
ਸੰਤਬੀਰ ਸਿੰਘ ਮਿਨਹਾਸ
Ph. 272-0700

Autoplan

FOR ALLSTATE LOW RATES PLUS AUTOPLAN FINANCE
— AVAILABLE ON APPROVED CREDIT
ਘਰਾਂ ਦੀ ਵਾਜਬ ਕੀਮਤਾਂ ਤੇ ਇਨਸ਼ੋਰੈਂਸ ਕਰਾਉਣ ਲਈ

Santbir Minhas Res. 271-1248 ICBC, house, tenant, commercial

# ਮਾਨ ਦੀ ਲੀਡਰਸ਼ਿਪ 'ਚ ਇਕ ਅਕਾਲੀ ਦਲ ਬਣੇਗਾ?

ਚੰਡੀਗੜ੍ਹ — ਵੱਖ ਵੱਖ ਅਕਾਲੀ ਧੜਿਆਂ ਵਿਚਕਾਰ ਏਕਤਾ ਲਈ ਹਿਲਜੁਲ ਸ਼ੁਰੂ ਹੋਈ ਹੈ। ਏਕਤਾ ਦੇ ਹਮਾਇਤੀਆਂ ਅਨੁਸਾਰ ਹੁਣ ਇਕੋ ਸ਼੍ਰੋਮਣੀ ਅਕਾਲੀ ਦਲ ਬਣੇਗਾ। ਇਸ ਸਮੇਂ ਸਾਰੇ ਅਕਾਲੀ ਦਲਾਂ ਵਿਚ ਸਿਮਰਨਜੀਤ ਸਿੰਘ ਮਾਨ ਸਭ ਤੋਂ ਵਧੇਰੇ ਨਿਰਵਿਵਾਦ ਨੇਤਾ ਹੈ ਜਿਸ ਦੀ ਅਗਵਾਈ ਹੇਠ ਇਕੱਠੇ ਹੋਣ ਲਈ ਯਤਨ ਹੋ ਰਹੇ ਹਨ। ਸਾਂਝੇ ਅਕਾਲੀ ਦਲ ਦੇ ਨੇਤਾ ਇਸ ਸਮੇਂ ਪੁਰਾਣਾ ਸ਼੍ਰੋਮਣੀ ਅਕਾਲੀ ਦਲ ਬਹਾਲ ਕਰਨ ਲਈ ਵਧੇਰੇ ਉਤਸੁਕ ਹਨ। ਪਾਰਟੀ ਅੰਦਰਲੇ ਬਾਬਾ ਜੋਗਿੰਦਰ ਸਿੰਘ ਧੜੇ ਨੇ ਬੇਸ਼ੱਕ ਸੱਤ ਪਾਰਟੀ ਆਗੂਆਂ ਨੂੰ ਪਾਰਟੀ ਵਿਚੋਂ ਕੱਢਣ ਦਾ ਨਿਰਣਾ ਦੇ ਦਿੱਤਾ ਹੈ ਪ੍ਰੰਤੂ ਉਹ ਵੀ ਮਾਨ ਦੀ ਅਗਵਾਈ ਨੂੰ ਪ੍ਰਵਾਨ ਕਰਦੇ ਹਨ। ਇਥੇ ਸਾਂਝੇ ਦਲ ਦੇ ਨੇਤਾਵਾਂ ਮੇਜਰ ਜਗਜੀਤ ਸਿੰਘ ਅਤੇ ਸ਼ਿਵਰਾਜ ਸਿੰਘ ਬਰਾੜ ਨੇ ਅਕਾਲੀ ਦਲਾਂ ਵਿਚ ਏਕਤਾ ਉਤੇ ਟਿਪਣੀ ਕਰਦੇ ਹੋਏ ਕਿਹਾ ਕਿ ਅਕਾਲੀ ਦਲ (ਲੌਂਗੋਵਾਲ) ਵਿਚ ਪੰਥ ਵਿਚੋਂ ਛੇਕੇ ਵਿਅਕਤੀਆਂ ਨੂੰ ਛੱਡ ਕੇ ਬਾਕੀ ਸਾਰਿਆਂ ਲਈ ਪਾਰਟੀ ਵਿਚ ਸ਼ਾਮਲ ਹੋਣ ਵਾਸਤੇ ਦਰਵਾਜ਼ੇ ਖੁੱਲ੍ਹੇ ਹਨ। ਉਨ੍ਹਾਂ ਦੀ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਪੁਰਾਣੇ ਸ਼੍ਰੋਮਣੀ ਅਕਾਲੀ ਦਲ ਨੂੰ ਸੁਰਜੀਤ ਕਰਨ ਦੇ ਹੱਕ ਵਿਚ ਹੈ। ਉਨ੍ਹਾਂ ਦੇ ਆਗੂਆਂ ਦੀ ਲੌਂਗੋਵਾਲ ਗਰੁੱਪ ਦੇ ਕਈ ਵਿਧਾਇਕਾਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰਾਂ ਨਾਲ ਮੀਟਿੰਗ ਹੋਈ ਹੈ। ਉਨ੍ਹਾਂ ਦਾਅਵਾ ਕੀਤਾ ਕਿ ਸੰਤ ਅਜੀਤ ਸਿੰਘ ਤੇ ਜਥੇਦਾਰ ਸੁੱਚਾ ਸਿੰਘ ਛੋਟੇਪੁਰ ਪਾਰਟੀ ਨੂੰ ਇਕ ਰੱਖਣ ਦੀ ਹਮਾਇਤ ਕਰਨਗੇ।

ਅਕਾਲੀ ਦਲ (ਲ) ਦੇ ਸੀਨੀਅਰ ਨੇਤਾਵਾਂ ਨੂੰ ਜਦੋਂ ਇਸ ਏਕਤਾ ਦੀ ਮੁਹਿੰਮ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਦਾ ਕਹਿਣਾ ਸੀ ਕਿ ਅਜੇ ਉਪਰਲੀ ਲੀਡਰਸ਼ਿਪ ਪੱਧਰ ਉਤੇ ਏਕਤਾ ਦੇ ਯਤਨ ਨਹੀਂ ਹੋ ਰਹੇ ਪ੍ਰੰਤੂ ਹੇਠਲੀ ਲੀਡਰਸ਼ਿਪ ਨੇ ਸਰਗਰਮੀ ਸ਼ੁਰੂ ਕੀਤੀ ਹੈ। ਇਸ ਏਕਤਾ ਨੂੰ ਦੋਵਾਂ ਅਕਾਲੀ ਦਲਾਂ ਦੇ ਕੁਝ ਨੇਤਾਵਾਂ ਵਲੋਂ ਹਮਾਇਤ ਮਿਲ ਰਹੀ ਹੈ। ਅਕਾਲੀ ਦਲ (ਲੌਂ:) ਪਾਰਟੀ ਅੰਦਰਲੇ ਕੁਝ ਹਲਕਿਆਂ ਦੀ ਰਾਇ ਹੈ ਕਿ ਜੇਕਰ ਦੋਹਾਂ ਦਲਾਂ ਵਿਚ ਅਸੂਲਾਂ ਦੇ ਆਧਾਰ ਉਤੇ ਏਕਤਾ ਹੁੰਦੀ ਹੈ ਤਾਂ ਸਿਮਰਨਜੀਤ ਸਿੰਘ ਮਾਨ ਦੀ ਲੀਡਰਸ਼ਿਪ ਨੂੰ ਪ੍ਰਵਾਨ ਕੀਤਾ ਜਾ ਸਕਦਾ ਹੈ। ਪਾਰਟੀ ਅੰਦਰ ਇਕ ਧਿਰ ਦੇ ਵਿਚਾਰ ਮਾਨ ਬਾਰੇ ਰਾਖਵੇਂ ਹਨ ਅਤੇ ਉਹ ਸਮਝਦੀ ਹੈ ਕਿ ਮਾਨ ਅਕਾਲੀ ਨਹੀਂ ਹਨ।

ਅਕਾਲੀ ਦਲ (ਲੌਂ:) ਵਿਚ ਏਕਤਾ ਦੇ ਹਮਾਇਤੀ ਕਹਿੰਦੇ ਹਨ ਕਿ ਮਾਨ ਨੇ ਬਾਬਾ ਜੋਗਿੰਦਰ ਸਿੰਘ ਵਲੋਂ ਅਸੈਂਬਲੀ ਚੋਣਾਂ ਦਾ ਬਾਈਕਾਟ ਕਰਨ ਦਾ ਵਿਰੋਧ ਕੀਤਾ ਸੀ। ਮਾਨ ਅਕਾਲੀ ਸਰਕਾਰ ਤੋੜਨ ਦੇ ਵੀ ਹੱਕ ਵਿਚ ਨਹੀਂ ਸੀ। ਸਭ ਤੋਂ ਵੱਡੀ ਗੱਲ ਇਹ ਹੈ ਕਿ ਜਿਸ ਤਰ੍ਹਾਂ ਪੁਰਾਣੀ ਅਕਾਲੀ ਲੀਡਰਸ਼ਿਪ ਵਿਚ ਇਕ ਦੂਜੇ ਵਿਰੁਧ ਪੁਰਾਣੀਆਂ ਕੁੜਿੱਤਣਾਂ ਪਾਈਆਂ ਜਾ ਰਹੀਆਂ ਹਨ ਮਾਨ ਵਿਰੁਧ ਲੀਡਰਸ਼ਿਪ ਵਿਚ ਇਸ ਤਰ੍ਹਾਂ ਦੀ ਖਹਿਬਾਜ਼ੀ ਨਹੀਂ ਹੈ। ਅਕਾਲੀ ਦਲ (ਲੌਂ:) ਲੀਡਰਸ਼ਿਪ ਦਾ ਇਹ ਵੀ ਦਾਅਵਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਘੱਟੋ ਘੱਟ 50 ਮੈਂਬਰ ਉਨ੍ਹਾਂ ਦੇ ਨਾਲ ਪੂਰੀ ਤਰ੍ਹਾਂ ਕਾਇਮ ਹਨ। ਜੇਕਰ ਅਕਾਲੀ ਦਲਾਂ ਵਿਚ ਏਕੇ ਦੀ ਗੱਲ ਅੱਗੇ ਤੁਰਦੀ ਹੈ ਤਾਂ ਸ਼੍ਰੋਮਣੀ ਕਮੇਟੀ ਅੰਦਰ ਸਾਂਝੀ ਲੀਡਰਸ਼ਿਪ ਆਵੇਗੀ। ਸਾਂਝੇ ਦਲ ਦੀ ਭਾਰੂ ਲੀਡਰਸ਼ਿਪ ਜੇਲ੍ਹਾਂ 'ਚ ਹੋਣ ਕਾਰਨ ਵੀ ਏਕਤਾ ਦਾ ਸਿਲਸਿਲਾ ਧੀਮਾ ਚਲ ਰਿਹਾ ਹੈ।

ਸਾਂਝੇ ਅਕਾਲੀ ਦਲ ਦੇ ਨੇਤਾਵਾਂ ਨੇ ਨਵੀਆਂ ਪ੍ਰਸਥਿਤੀਆਂ ਵਿਚ ਆਪਣੀ ਪਾਰਟੀ ਨੂੰ ਹੇਠਾਂ ਤੋਂ ਲਾਮਬੰਦ ਕਰਨ ਲਈ ਜ਼ਿਲੇਵਾਰ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕਰ ਰੱਖਿਆ ਹੈ। ਲੀਡਰਸ਼ਿਪ ਨੇ ਜ਼ਿਲਿਆਂ ਦੀ ਲੀਡਰਸ਼ਿਪ ਨੂੰ ਹਦਾਇਤਾਂ ਭੇਜ ਦਿੱਤੀਆਂ ਹਨ ਕਿ ਸ਼੍ਰੋਮਣੀ ਕਮੇਟੀ ਦੇ ਫੈਸਲਿਆਂ ਦੀ ਹਮਾਇਤ ਕੀਤੀ ਜਾਵੇ। ਉਨ੍ਹਾਂ ਦਾ ਦਾਅਵਾ ਹੈ ਕਿ ਅੰਮ੍ਰਿਤਸਰ (ਦਿਹਾਤੀ), ਹੁਸ਼ਿਆਰਪੁਰ, ਫਿਰੋਜ਼ਪੁਰ, ਫਰੀਦਕੋਟ ਅਤੇ ਪੱਟੀ ਵਿਚ ਹੀ ਜ਼ਿਲਾ ਪ੍ਰਧਾਨ ਬਾਬਾ ਜੋਗਿੰਦਰ ਸਿੰਘ ਦੀ ਹਮਾਇਤੀ ਹੈ। ਇਨ੍ਹਾਂ ਜ਼ਿਲਿਆਂ ਦੀ ਹੇਠਲੀ ਲੀਡਰਸ਼ਿਪ ਪ੍ਰਕਾਸ਼ ਸਿੰਘ ਬਾਦਲ, ਜਥੇਦਾਰ ਗੁਰਚਰਨ ਸਿੰਘ ਟੌਹੜਾ, ਕੈਪਟਨ ਅਮਰਿੰਦਰ ਸਿੰਘ ਅਤੇ ਜਥੇਦਾਰ ਜਗਦੇਵ ਸਿੰਘ ਤਲਵੰਡੀ ਦੇ ਹਮਾਇਤੀਆਂ ਕੋਲ ਹੈ। ਬਾਕੀ ਸਾਰੇ ਜ਼ਿਲਿਆਂ ਦੀ ਲੀਡਰਸ਼ਿਪ ਇਨ੍ਹਾਂ ਕੋਲ ਹੈ। ਇਸ ਤੋਂ ਇਲਾਵਾ ਜੰਮੂ ਅਤੇ ਕਸ਼ਮੀਰ, ਬੰਗਾਲ, ਦਿੱਲੀ ਅਤੇ ਰਾਜਸਥਾਨ ਦੀਆਂ ਸਾਰੀਆਂ ਪਾਰਟੀ ਇਕਾਈਆਂ ਬਾਦਲ ਅਤੇ ਜਥੇਦਾਰ ਟੌਹੜਾ ਦੇ ਹਮਾਇਤੀਆਂ ਨਾਲ ਖੜ੍ਹੀਆਂ ਹਨ। ਇਨ੍ਹਾ ਧੜਿਆਂ ਦੀ ਰਾਇ ਹੈ ਕਿ ਏਕਤਾ ਨਾਲ ਹੀ ਕੇਂਦਰ ਤੋਂ ਸਿੱਖਾਂ ਲਈ ਕੁਝ ਲਿਆ ਜਾ ਸਕਦਾ ਹੈ।

# ਰਾਜੀਵ ਜੁਲਾਈ 'ਚ ਪੰਜਾਬ ਜਾਵੇਗਾ?

ਅੰਮ੍ਰਿਤਸਰ — ਕੁੱਲ ਹਿੰਦ ਕਾਂਗਰਸ (ਆਈ) ਦੇ ਸਾਬਕਾ ਜਨਰਲ ਸਕੱਤਰ ਰਘੂਨੰਦਨ ਲਾਲ ਭਾਟੀਆ ਐਮ. ਪੀ. ਦਾ ਕਹਿਣਾ ਹੈ ਕਿ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਜੁਲਾਈ ਦੇ ਅੰਤ ਵਿਚ ਪੰਜਾਬ ਦਾ ਦੌਰਾ ਕਰਨਗੇ। ਉਨ੍ਹਾਂ ਕਿਹਾ ਕਿ ਸ੍ਰੀ ਗਾਂਧੀ ਕਾਂਗਰਸ (ਆਈ) ਵਰਕਰਾਂ ਦੀ ਇਕ ਵਿਸ਼ੇਸ਼ ਮੀਟਿੰਗ ਨੂੰ ਸੰਬੋਧਨ ਕਰਨਗੇ। ਉਨ੍ਹਾਂ ਦੱਸਿਆ ਕਿ ਸ੍ਰੀ ਰਾਜੀਵ ਗਾਂਧੀ ਤਾਂ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਵੀ ਦਰਸ਼ਨ ਕਰਨ ਲਈ ਜਾਣਾ ਚਾਹੁੰਦੇ ਹਨ ਪ੍ਰੰਤੂ ਦਿੱਲੀ ਵਿਚ ਬੈਠੇ ਕੁਝ ਲੋਕ ਉਨ੍ਹਾਂ ਨੂੰ ਗੁਮਰਾਹ ਕਰ ਰਹੇ ਹਨ ਪ੍ਰੰਤੂ ਸ੍ਰੀ ਗਾਂਧੀ ਦੀ ਪੰਜਾਬ ਫੇਰੀ ਲਗਭਗ ਨਿਸਚਤ ਹੈ।


CALL US FIRST

IATA APPROVED OFFICE

**Express Internationl Travel (1986) Ltd.** ATAC

**Approved Agent All Major Airlines**

**ਸਪੈਸ਼ਲ ਧਮਾਕੇਦਾਰ ਸੇਲ ਲੱਗ ਗਈ**

ਸਿੰਘਾਪੁਰ **$1050** ਰੀਟਰਨ  ਹਾਂਗਕਾਂਗ **$870** ਰੀਟਰਨ  ਟਰਾਂਟੋ **$299** ਰੀਟਰਨ  ਇੰਗਲੈਂਡ **$635** ਰੀਟਰਨ

ਸਾਡੇ ਕੋਲ ਸਪੈਸ਼ਲ ਇੰਮੀਗਰੈਂਟ ਕਿਰਾਏ ਲਈ ਟਿਕਟਾਂ ਮਿਲਦੀਆਂ ਹਨ।

ਐਡਮਿੰਟਨ **$176** ਰੀਟਰਨ  ਕੈਲਗਰੀ **$148** ਰੀਟਰਨ

ਵੀਜ਼ਾ ਅਤੇ ਪਾਸਪੋਰਟ ਲੈਣ ਵਿਚ ਅਸੀਂ ਬਿਨਾਂ ਮੁਆਵਜ਼ੇ ਦੇ ਤੁਹਾਡੀ ਮੱਦਦ ਕਰਦੇ ਹਾਂ।

ਇਕ ਟਿਕਟ ਲੈਣ ਦੇ ਨਾਲ 1 ਲੱਖ ਡਾਲਰ ਦੀ ਟਰੈਵਲ ਇਨਸ਼ੋਰੈਂਸ ਮੁਫਤ ਦਿੱਤੀ ਜਾਵੇਗੀ

ਦਿੱਲੀ ਤੋਂ ਵੈਨਕੂਵਰ ਤੱਕ ਸਸਤੇ ਕਿਰਾਏ ਲਈ ਸਾਨੂੰ ਮਿਲੋ **Ph. 321-8777**

5787 Victoria Drive, Vancouver,


AJIT KANG



# WHEATON PONTIAC BUICK GMC LTD.

GM Canada


Kuldip S. Jhand

ਸਾਡੇ ਕੋਲ ਬਹੁਤ ਸਾਰੀਆਂ ਕਾਰਾਂ, ਵੈਨਾਂ, ਪਿਕ-ਅੱਪ ਆਦਿ ਹਨ — ਕੀਮਤਾਂ ਸਭ ਨਾਲੋਂ ਵਾਜਬ ਹਨ। ਕਾਰਾਂ, ਵੈਨਾਂ ਤੇ ਪਿਕ-ਅੱਪ ਖ੍ਰੀਦਣ ਜਾਂ ਵੇਚਣ ਤੋਂ ਪਹਿਲਾਂ ਇਕ ਵਾਰ ਕੁਲਦੀਪ ਝੰਡ ਨੂੰ ਮਿਲੋ ਜਾਂ ਫੋਨ ਕਰੋ। ਉਹ ਤੁਹਾਨੂੰ ਚੰਗੀ ਕੀਮਤ ਦਾ ਭਰੋਸਾ ਦਵਾਉਂਦੇ ਹਨ।

**SPECIAL PRICE ON NEW ACADIAN, FINANCE AVAILABLE - 8.8% LIMITED TIME ALREADY**



**Bus: 526-2781  Res: 524-4137  Pager 687- 7711 #7610**

325—12th St., New Westminster, B.C.



**Now In addition to**

**Serving the Community — with their Life Insurance needs since 1970**

**For all your real estate needs at**



- ਕਮਰਸ਼ਲ ਪਰਾਪਰਟੀ
- ਲਾਟਾਂ
- ਹਰ ਤਰ੍ਹਾਂ ਦੀ ਪਰਾਪਰਟੀ ਲਈ

Dayspring Realty

To serve you better:-
For all your Real Estate needs —
(House, Farm, Acreage, Lot
or Commercial -Investment Property)
Give me a call to-day
Phone:(604) 853 - 8114

ਰੁਪਿੰਦਰ ਆਜ਼ਾਦ ਵਲੋਂ:
1970 ਤੋਂ ਆਪਣੀ ਕਮਿਊਨਿਟੀ ਦੀ ਲਾਈਫ ਇਨਸ਼ੋਰੈਂਸ ਦੀਆਂ ਲੋੜਾਂ ਦੀ ਪੂਰਤੀ ਤੇ ਸੇਵਾਵਾਂ ਕਰਨ ਦੇ ਨਾਲ ਨਾਲ
ਹੁਣ ਰੀਅਲ ਐਸਟੇਟ ਦੀਆਂ ਸੇਵਾਵਾਂ ਵੀ ਹਾਜ਼ਰ ਹਨ:-
ਡੇ ਸਪਰਿੰਗ ਰੀਐਲਟੀ ਲਿ:

#21 - 31940 South Fraser Way, Clearbrook, B.C.

**Ph. (604) 853-8114** [24 hours]  Toll Free 1—800—663—8134

**ਜਗਦੀਸ਼ ਸਿੰਘ** ਬੀ. ਏ. ਐਲ. ਐਲ. ਬੀ. (ਪੰ. ਯੂ.)

**ਨੋਟਰੀ ਪਬਲਿਕ**



ਜਗਦੀਸ਼ ਸਿੰਘ [B.A. L.L.B. (Pb. U.)]
(ਸਾਬਕਾ ਐਡਵੋਕੇਟ ਪੰਜਾਬ ਹਾਈਕੋਰਟ)

- ਘਰ ਜਾਂ ਜ਼ਮੀਨ ਖ਼ੀਦਣ, ਵੇਚਣ ਲਈ ਜਾਂ ਮੌਰਟਗੇਜ ਲੈਣ ਲਈ ਜਾਂ ਕੈਂਸਲ ਕਰਨੀ ਆਦਿ ਦੇ ਕਾਗਜ਼ਾਤ ਤਿਆਰ ਕਰਨਾ ਤੇ ਰਜਿਸਟਰੀ ਕਰਵਾਉਣ
- ਡੈਕਲਾਰੇਸ਼ਨ, ਰਾਹਦਾਰੀ, ਐਗਰੀਮੈਂਟਸ, ਨਾਂ ਦੀ ਤਬਦੀਲੀ ਟਰਾਂਸਲੇਸ਼ਨ ਆਦਿ।

**ਇਮੀਗਰੇਸ਼ਨ ਸਲਾਹਕਾਰ**

- ਇਮੀਗਰੇਸ਼ਨ ਅਪੀਲ ਬੋਰਡ ਦੇ ਕੇਸ
- Adoption - ਭਾਰਤ ਤੋਂ ਬੱਚੇ ਗੋਦ ਲੈਣਾ ਤੇ ਉਹਨਾਂ ਦੀ ਇਮੀਗਰੇਸ਼ਨ
- ਇਮੀਗਰੇਸ਼ਨ ਦੇ ਆਮ ਮਸਲੇ
- ਭਾਰਤੀ ਕਾਨੂੰਨਾਂ ਬਾਰੇ ਸਲਾਹ
- ਵਰਕਜ਼ ਕੰਪਨਸੇਸ਼ਨ ਕੇਸਾਂ ਬਾਰੇ

**Ph. Off: 324-6727    Res: 324-4160**

(ਦਫ਼ਤਰ ਸ਼ਨਿਚਰਵਾਰ ਵੀ ਖੁਲ੍ਹਦਾ ਹੈ)

**#201 - 2001 East 36th Ave. [at victoria]**
**Vancouver. B.C. V5P 1C9**


# ਅਤਿਵਾਦੀ ਗੋਲੀ ਤੋਂ ਘਬਰਾ ਕੇ ਨੌਜਵਾਨ ਦੀ ਮੌਤ

ਅੰਮ੍ਰਿਤਸਰ — ਬੱਸ ਸਟੈਂਡ ਨੇੜੇ ਦਹਿਸ਼ਤਪਸੰਦਾਂ ਵਲੋਂ ਕੀਤੀ ਗਈ ਅੰਨ੍ਹੇਵਾਹ ਫਾਇਰਿੰਗ ਤੋਂ ਭੈਭੀਤ ਹੋ ਕੇ ਇਕ 17 ਸਾਲਾ ਨੌਜਵਾਨ ਦੀ ਮੌਤ ਹੋ ਗਈ। ਦਹਿਸ਼ਤਗਰਦਾਂ ਨੇ ਇਕ ਪੁਲਸ ਕਾਂਸਟੇਬਲ ਭੁਪਿੰਦਰ ਸਿੰਘ ਤੇ ਜਿਸ ਵੇਲੇ ਫਾਇਰਿੰਗ ਕੀਤੀ ਤਾਂ ਉਕਤ ਲੜਕਾ ਬਿਲਕੁਲ ਨੇੜੇ ਸੀ ਜਿਹੜਾ ਗੋਲੀਆਂ ਦੀ ਆਵਾਜ਼ ਸੁਣ ਕੇ ਬੇਹੋਸ਼ ਹੋ ਗਿਆ। ਉਸਨੂੰ ਗੁਰੂ ਤੇਗ ਬਹਾਦਰ ਹਸਪਤਾਲ ਲਿਜਾਇਆ ਗਿਆ। ਜਿਥੇ ਉਸਦੀ ਮੌਤ ਹੋ ਗਈ। ਫਾਇਰਿੰਗ ਦੌਰਾਨ ਜ਼ਖਮੀ ਹੋਏ ਕਾਂਸਟੇਬਲ ਨੂੰ ਹਸਪਤਾਲ ਦਾਖਲ ਕਰਵਾ ਦਿੱਤਾ ਗਿਆ ਹੈ।

# ਹਿਮਾਚਲ ਵਿਚ ਚੌਕਸੀ

ਸ਼ਿਮਲਾ — ਹਿਮਾਚਲ ਪ੍ਰਦੇਸ਼ ਦੇ ਮੁਖ ਮੰਤਰੀ ਸ੍ਰੀ ਵੀਰਭੱਦਰ ਸਿੰਘ ਨੇ ਕਿਹਾ ਹੈ ਕਿ ਪੰਜਾਬ ਨਾਲ ਲਗਦੇ ਸਰਹੱਦੀ ਖੇਤਰ ਵਿਚ ਅਤਿਅੰਤ ਚੌਕਸੀ ਰੱਖਣ ਦੀ ਜ਼ਰੂਰਤ ਹੈ ਤਾਂ ਜੋ ਪੰਜਾਬ ਦੇ ਅਤਿਵਾਦੀਆਂ ਵਲੋਂ ਹਿਮਾਚਲ ਵਿਚ ਦਾਖਲ ਹੋ ਕੇ ਸੂਬੇ ਦੇ ਅਮਨ ਕਾਨੂੰਨ ਨੂੰ ਭੰਗ ਕਰਨ ਦੀ ਕਿਸੇ ਸੰਭਾਵੀ ਕੋਸ਼ਿਸ਼ ਨੂੰ ਨਾਕਾਮ ਕੀਤਾ ਜਾ ਸਕੇ। ਉਹ ਸੂਬੇ ਦੇ ਡਿਪਟੀ ਕਮਿਸ਼ਨਰਾਂ ਤੇ ਪੁਲਸ ਕਪਤਾਨਾਂ ਦੀ ਦੋ ਦਿਨਾਂ ਸਲਾਨਾ ਕਾਨਫਰੰਸ ਨੂੰ ਸੰਬੋਧਨ ਕਰ ਰਹੇ ਸਨ।


AUTOPAC
PROTECTING MANITOBANS ON THE MOVE

**Dorion Insurance Agency**

**ਡੋਰੀਅਨ ਇਨਸ਼ੋਰੈਂਸ ਏਜੰਸੀ**

ਤੁਹਾਡੀ ਆਪਣੀ ਕੌਮੀ ਇਨਸ਼ੋਰੈਂਸ ਏਜੰਸੀ

ਹਰ ਪ੍ਰਕਾਰ ਦੀ ਇਨਸ਼ੋਰੈਂਸ ਕਰਵਾਉਣ ਲਈ

- ਆਪਣੇ ਮਕਾਨ
- ਵਿਉਪਾਰ
- ਕਾਰ ਤੇ ਟਰੱਕ
- ਜੀਵਨ ਬੀਮਾ
- ਕੰਮ ਸਮੇਂ ਸੱਟ ਲੱਗ ਜਾਣ ਤੇ ਜਾਂ ਬੀਮਾਰ ਹੋ ਜਾਣ ਤੇ।
- ਆਟੋ ਪੈਕ ਰੀਨੀਊ ਕਰਾਉਣ ਲਈ
- ਲਾਈਸੈਂਸ ਪਲੇਟਾ ਲੈਣ ਲਈ
- ਕਾਰ, ਟਰੱਕ, ਮੋਟਰ ਸਾਈਕਲਾਂ ਦੀ ਰਜਿਸਟਰੇਸ਼ਨ ਕਰਵਾਉਣ ਲਈ ਮਿਲੋ ਜਾਂ ਫ਼ੋਨ ਕਰੋ :

**ਕੁਲਵੰਤ ਸਿੰਘ ਬਰਾੜ    ਫੋਨ : 772-3301    775-1061**

**AJANTA TRAVELS**

**ਮੈਨੀਟੋਬਾ ਵਿਚ ਹਵਾਈ ਜਹਾਜ਼ਾਂ ਦੀਆਂ ਟਿਕਟਾਂ ਲਈ ਅਜੰਤਾ ਟਰੈਵਲਜ਼ ਨੂੰ ਫੋਨ ਕਰੋ**



Kulwant S. Brar
Manager & Owner



**BLOCK BROS. REALTY LTD.**

9360 - 120 St. SURREY, B.C. V3V 4B9

ਆਪਣਾ ਘਰ ਖ਼ੀਦਣ ਜਾਂ ਵੇਚਣ ਲਈ, ਕਮਰਸ਼ਲ ਜਾਂ ਇੰਡਸਟਰੀਅਲ ਪ੍ਰਾਪਰਟੀਆਂ ਦੀਆਂ ਲੋੜਾਂ ਲਈ ਜੇ ਤੁਹਾਨੂੰ ਪ੍ਰੋਫੈਸ਼ਨਲ ਮੱਦਦ ਦੀ ਲੋੜ ਹੈ ਤਾਂ ਤੁਹਾਡੀ ਸੇਵਾ ਲਈ ਹਾਜ਼ਰ ਹਨ

**ਬੇਅੰਤ ਸੇਖੋਂ**

ਪ੍ਰਾਪਰਟੀ ਬਾਰੇ ਕਿਸੇ ਕਿਸਮ ਦੀ ਜਾਣਕਾਰੀ ਲਈ ਅੱਜ ਹੀ ਫੋਨ ਕਰੋ

**Bus. (604) 581-4601**

**Res. (604) 591-1354 ਜਾਂ 588-0749**



BEANT SEKHON
Res. 591-1354
or
588-0749



**Via Rail Tickets**
**Now issued here** to U.S.A and CANADA

**ਹੁਣੇ ਬੁੱਕ ਕਰਾਓ**

ਤੁਸੀਂ ਪੰਜਾਬੀ, ਹਿੰਦੀ, ਉਰਦੂ, ਇੰਗਲਿਸ਼ ਵਿਚ ਗੱਲਬਾਤ ਕਰ ਸਕਦੇ ਹੋ

Travel to India, Europe &

ONE WAY FARE IS ALSO AVAILABLE TO TORONTO ONLY
BOOK EARLY TO AVOID DISAPPOINTMENT

*For booking conditions please call:*



**ਸਰੀ-ਡੈਲਟਾ ਦੇ ਵਸਨੀਕਾਂ ਨੂੰ ਵੈਨਕੂਵਰ ਜਾਣ ਦੀ ਲੋੜ ਨਹੀਂ — ਅਸੀਂ ਇਥੋਂ ਹੀ ਦੁਨੀਆਂ ਦੇ ਕਿਸੇ ਵੀ ਕੋਨੇ ਲਈ ਟਿਕਟਾਂ ਦੇ ਸਕਦੇ ਹਾਂ**

***Fourways Travel Limited***

9341 - 120 St., (Scott Rd.) Delta, B.C.

Anywhere in the world.

**Ph. (604) 584-1411**

# ਵੀ. ਪੀ. ਸਿੰਘ ਵਲੋਂ 'ਸਾਂਝੀ ਕਾਰਵਾਈ' ਦਾ ਸੱਦਾ

ਬੰਬਈ — ਅਲਾਹਾਬਾਦ ਚੋਣ ਹਲਕੇ ਦੀ ਜਿੱਤ ਤੋਂ ਉਤਸ਼ਾਹ ਹਾਸਲ ਕਰਨ ਪਿਛੋਂ ਵਿਸ਼ਵਨਾਥ ਪ੍ਰਤਾਪ ਸਿੰਘ ਨੇ ਵਿਰੋਧੀ ਦਲਾਂ ਵਿਚ ਏਕਤਾ ਦੇ ਰਾਹ ਨੂੰ ਪੱਧਰਾ ਕਰਨ ਲਈ ਸਾਰੇ ਵਿਰੋਧੀ ਦਲਾਂ ਵਲੋਂ 'ਇਕ ਸਾਂਝੀ ਕਾਰਵਾਈ' ਕਰਨ ਦਾ ਸੱਦਾ ਦਿੱਤਾ ਹੈ। ਨਾਲ ਹੀ ਉਨ੍ਹਾਂ ਨੇ ਸ੍ਰੀ ਰਾਜੀਵ ਗਾਂਧੀ ਦੀ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਹ ਲੋਕਾਂ ਦੇ ਫਤਵੇ ਨੂੰ ਧਿਆਨ ਵਿਚ ਰੱਖਦਿਆਂ ਇਖਲਾਕੀ ਆਧਾਰ 'ਤੇ ਅਸਤੀਫਾ ਦੇ ਦਏ।

ਇਥੇ ਵਿਰੋਧੀ ਪਾਰਟੀਆਂ ਵਲੋਂ ਕੀਤੇ ਇਕ ਪਬਲਿਕ ਸਮਾਗਮ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਬੋਫੋਰਜ਼ ਸੌਦੇ ਵਿਚ ਸੰਸਾਰ ਵਿਚ ਸਾਡੇ ਦੇਸ਼ ਦੀ ਆਨ ਤੇ ਸ਼ਾਨ ਨੂੰ ਬਹੁਤ ਧੱਕਾ ਲੱਗਾ ਹੈ ਅਤੇ 'ਇਕ ਕੁਰਪਟ ਸਰਕਾਰ' ਦੀ ਚਿਹਰਾ ਮੋਹਰਾ ਨੰਗਾ ਹੋਇਆ ਹੈ। ਉਨ੍ਹਾਂ ਵਿਚਾਰ ਪ੍ਰਗਟ ਕੀਤਾ ਕਿ ਚੜ੍ਹ ਰਹੀਆਂ ਕੀਮਤਾਂ ਦਾ ਮੁਖ ਕਾਰਨ ਭ੍ਰਿਸ਼ਟਾਚਾਰ ਹੀ ਹੈ। ਇਸ ਤੋਂ ਪਹਿਲਾਂ ਜਨ ਮੋਰਚਾ ਨੇਤਾ ਨੇ ਸ਼ਹਿਰ ਦੇ ਕੱਪੜਾ ਮਜ਼ਦੂਰਾਂ ਦੇ ਵੱਡੇ ਜਲੂਸ ਦੀ ਅਗਵਾਈ ਕੀਤੀ ਜਿਸ ਵਿਚ ਇਕ ਟਰੱਕ ਉਤੇ ਬੋਫੋਰਜ਼ ਤੋਪਾਂ ਦਾ ਇਕ ਮਾਡਲ ਵੀ ਰੱਖਿਆ ਹੋਇਆ ਸੀ। ਉਨ੍ਹਾਂ ਨੇ ਕੱਪੜਾ ਮਜ਼ਦੂਰਾਂ ਨੂੰ ਕਿਹਾ ਕਿ ਉਹ ਸਰਕਾਰ ਦੇ ਮੌਜੂਦਾ ਢਾਂਚੇ ਵਿਚ ਤਬਦੀਲੀ ਲਈ ਉਨ੍ਹਾਂ ਦੇ ਅੰਦੋਲਨ ਵਿਚ ਸ਼ਾਮਲ ਹੋ ਜਾਣ। ਉਨ੍ਹਾਂ ਦੋਸ਼ ਲਾਇਆ ਕਿ ਮੌਜੂਦਾ ਸਰਕਾਰ ਕੁਰਪਟ ਅਨਸਰਾਂ ਨੂੰ ਸ਼ਰਨ ਦੇ ਰਹੀ ਹੈ।

ਉਨ੍ਹਾਂ ਇਹ ਮੰਗ ਵੀ ਕੀਤੀ ਕਿ ਵੋਟ ਪਾਉਣ ਲਈ ਉਮਰ ਦੀ ਹੱਦ 21 ਸਾਲ ਤੋਂ ਘਟਾ ਕੇ 18 ਸਾਲ ਕੀਤੀ ਜਾਏ। ਉਨ੍ਹਾਂ ਕਿਹਾ ਕਿ ਜਦੋਂ ਕਾਨੂੰਨ 18 ਸਾਲ ਤੋਂ ਉਪਰ ਉਮਰ ਵਾਲੇ ਕਿਸੇ ਵਿਅਕਤੀ ਵਲੋਂ ਗੰਭੀਰ ਜੁਰਮ ਕਰਨ ਦੀ ਸੂਰਤ ਵਿਚ ਉਸ ਨੂੰ ਮੌਤ ਦੀ ਸਜ਼ਾ ਦਿੰਦਾ ਹੈ ਤਾਂ ਫਿਰ ਇਹੋ ਪੈਮਾਨਾ ਉਸ ਦੇ ਵੋਟ ਦੇ ਅਧਿਕਾਰ ਲਈ ਕਿਉਂ ਨਹੀਂ ਵਰਤਿਆ ਜਾ ਸਕਦਾ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਆਪਣੇ ਪ੍ਰਤੀਨਿਧ ਚੁਣਨ ਦਾ ਮੌਕਾ ਮਿਲਣਾ ਚਾਹੀਦਾ ਹੈ।

ਇਸੇ ਦੌਰਾਨ ਕੱਪੜਾ ਮਜ਼ਦੂਰਾਂ ਦਾ ਜਲੂਸ ਬਹੁਤ ਵੱਡਾ ਸੀ ਅਤੇ ਇਸ ਵਿਚ ਮਜ਼ਦੂਰ ਨੇਤਾ ਸੱਤਾ ਸਾਮੰਤ ਤੋਂ ਇਲਾਵਾ ਰੀਪਬਲਿਕਨ ਪਾਰਟੀ ਦੇ ਪ੍ਰਧਾਨ ਪ੍ਰਕਾਸ਼ ਅੰਬੇਦਕਰ ਤੇ ਖੇਤਕਾਰੀ ਸੰਗਠਨ ਦੇ ਨੇਤਾ ਸ਼ਰਦ ਜੋਸ਼ੀ ਵੀ ਸ਼ਾਮਲ ਸਨ। ਮਗਰੋਂ ਇਹ ਜਲੂਸ ਕਾਲਾ ਘੋੜਾ ਵਿਖੇ ਇਕ ਰੈਲੀ ਦੀ ਸ਼ਕਲ ਵਿਚ ਤਬਦੀਲ ਹੋ ਗਿਆ ਜਿਥੇ ਨੇਤਾਵਾਂ ਨੇ ਸੰਬੋਧਨ ਕੀਤਾ।

ਜਨ ਮੋਰਚਾ ਨੇਤਾ ਨੇ ਕਿਹਾ ਕਿ ਮਜ਼ਦੂਰ ਫੈਕਟਰੀਆਂ ਵਿਚ ਖੂਨ ਪਸੀਨਾ ਡੋਲ੍ਹ ਕੇ ਕੰਮ ਕਰਦੇ ਹਨ ਪਰ ਸਾਰਾ ਮੁਨਾਫਾ ਚੰਦ ਇਕ ਮਾਲਕਾਂ ਦੇ ਹੱਥਾਂ ਵਿਚ ਚਲਾ ਜਾਂਦਾ ਹੈ ਅਤੇ ਇਹ ਕਿੰਨੀ ਅਜੀਬ ਗੱਲ ਹੈ ਕਿ ਉਨ੍ਹਾਂ ਦੇ ਹੱਥ ਖਾਲੀ ਹਨ।

# ਪਿੰਨਟਿਕਟਿਨ ਮਲਟੀਕਲਚਰਲ ਸੁਸਾਇਟੀ ਦਾ ਸਮਾਗਮ



ਗੁਰਦੇਵ ਸਰਾਂ, ਗੁਰਦਿਆਲ ਸਿੰਘ ਧਾਲੀਵਾਲ, ਰਛਪਾਲ ਗਰੇਵਾਲ, ਪ੍ਰਧਾਨ ਸੁਸਾਇਟੀ, ਦਰਸ਼ਨ ਗਿੱਲ, ਗੁਰਪਿਆਰ ਸਿੱਧੂ, ਰਮੇਸ਼ ਤੇ ਦਿਓਲ



ਦਰਸ਼ਨ ਗਿੱਲ ਦਾ 55 ਮਿੰਟ ਦਾ ਅੰਗਰੇਜ਼ੀ ਦਾ ਭਾਸ਼ਨ ਸੁਣਿਆ। ਇਹ ਭਾਸ਼ਨ ਲੋਕਲ ਸੀ. ਬੀ. ਸੀ. ਨੇ ਲਾਈਵ ਬਰੌਡਕਾਸਟ ਕੀਤਾ


To protect your family, your mortgage, or to ensure your childrens' education, for an RRSP or an annuity, contact:

AVTAR S. RANDHAWA

B.A., B.T.



AVTAR S. RANDHAWA

Metropolitan Insurance Companies

AVTAR S. RANDHAWA
687-5871 (office) or 325-3562 (Residence)
700-1176 W. GEORGIA ST. VANCOUVER.



NORTH AMERICAN LIFE ASSURANCE COMPANY

NORTH AMERICAN LIFE



- Life Insurance
- Mortgage Insurance
- Children's educational Plans
- R R S P

Malkiat Mutti
representative
320, 815 West Hastings St.
Vancouver, B.C. V6C 2W1

Bus. 685-9335
Res. 522-7167





JASBIR KAUR NARWAL
B.A. (U.B.C.)
A.I.B. I & II

ਨਰਵਾਲ ਇਨਸ਼ੋਰੈਂਸ ਸਰਵਿਸਜ਼ ਲਿਮਿਟਿਡ

MURRICK INSURANCE SERVICES LTD.

ICBC ਆਟੋਪਲੈਨ
- ਨਵੀਆਂ ਲਾਇਸੈਂਸ ਪਲੇਟਾਂ
- ਡੈਕਲ ਨਵੇਂ ਕਰਾਉਣੇ
- ਟਰਾਂਸਫਰ ਜਾਂ ਆਪਣੇ ਨਾਂ ਕਰਾਉਣੇ
- ਕਵਰੇਜ ਵਿਚ ਤਬਦੀਲੀ
- ਨਵੀਂ ਰਜਿਸਟ੍ਰੇਸ਼ਨ

ਜਨਰਲ
ਘਰ ਦੀ ਇਨ. ਰੰਸ
- ਟੀਨੈਂਟ ਪੈਕੇਜ
- ਮੋਬਾਈਲ ਘਰ
- ਟਰੈਵਲ ਇਨਸ਼ੋਰੈਂਸ
- ਬੋਟ

ਲਾਈਫ
- ਟਰਮ ਇਨਸ਼ੋਰੈਂਸ
- ਮੌਰਗੇਜ
- ਬਿਜਨਸ
- ਨਾਨ-ਸਮੋਕਰ ਡਾਈਟ

Autoplan
AUTHORIZED AGENT
Short term half now half later policy

OPEN 9 to 5 (Mon.-Fri.)
10-3 Sat.
6415 Main St.
at 48th Vancouver
Call NARWAL 325-4744





ਪ੍ਰਿਤਪਾਲ ਸਿੰਘ ਨਰਵਾਲ
325-4744
ਦਫਤਰ ਦਾ ਫੋਨ

ਪ੍ਰਿਤਪਾਲ ਸਿੰਘ ਨਰਵਾਲ
ਨੋਟਰੀ ਪਬਲਿਕ
ਬੀ. ਏ. (ਪੰਜਾਬ) ਐਲ. ਐਲ. ਬੀ. (ਹਰਿਆਣਾ
ਸਾਬਕਾ ਐਡਵੋਕੇਟ ਤੇ ਓਥ.ਕਮਿਸ਼ਨਰ

- ਕਨਵੇਂਸਿੰਗ
- ਮਾਰਗੇਜ਼ ਤਿਆਰ ਕਰਨੀ
- ਕਾਨਟਰੈਕਟ ਤਿਆਰ ਕਰਨੇ
- ਟਰਾਂਸਲੇਸ਼ਨ
- ਐਫੀਡੇਵਿਟ
- ਪਾਵਰ ਆਫ ਅਟਾਰਨੀ
- ਮੁੱਢਲੀ ਵਿੱਲ (Will)
- ਇਮੀਗਰੇਸ਼ਨ
- ਗੋਦ ਲੈਣਾ ਆਦਿ

6415 Main St.
[at 48th Ave.],
Vancouver

Oper 9 to 5 (Mon.-Fri.)
Sat. 10-3
325-4744

# GLOBAL IMMIGRATION SERVICES



WE ARE PROVIDING ALL IMMIGRATION SERVICES.

## ਇਮੀਗਰੇਸ਼ਨ ਸਬੰਧੀ ਹਰ ਮਸਲੇ ਲਈ ਤੁਹਾਡੀ ਸੇਵਾ ਕਰ ਸਕਦੇ ਹਾਂ

### ਹੇਠ ਲਿਖੀਆਂ ਲੋੜਾਂ ਲਈ ਪਹਿਲੀ ਵਾਰ ਮੁਫ਼ਤ ਸਲਾਹ ਲਈ ਮਿਲੋ

- ਬਿਜ਼ਨੈਸ ਤੌਰ ਤੇ ਕੈਨੇਡਾ ਜਾਂ ਅਮਰੀਕਾ ਵਿਚ ਇਮੀਗਰੇਸ਼ਨ ਲੈਣ ਲਈ
- ਬਿਜ਼ਨੈੱਸ ਦੇ ਅਧਾਰ 'ਤੇ ਸਾਰੇ ਪ੍ਰੀਵਾਰ ਦੀ ਇਮੀਗਰੇਸ਼ਨ ਜਾਂ ਨੌਕਰੀ ਲਈ ਮੰਗਵਾਉਣਾ ਹੋਵੇ।
- ਤੁਹਾਡੇ ਕਿਸੇ ਰਿਸ਼ਤੇਦਾਰ ਨੂੰ ਕਿਸੇ ਮੁਲਕ ਵਿਚੋਂ ਵੀ ਮੰਗਵਾਉਣਾ ਹੋਵੇ
- ਰੀਫਿਊਜੀ ਸਟੇਟਸ ਵਾਸਤੇ ਕਿਸੇ ਦੀ ਦਰਖਾਸਤ ਜਾਂ ਅਪੀਲ ਕਰਨੀ ਹੋਵੇ।
- ਫਾਰਮ ਇਨਵੈਸਟਮੈਂਟ ਕਰਨ ਵਾਲਿਆਂ ਲਈ ਇਮੀਗਰੇਸ਼ਨ ਦੀ ਵਿਸ਼ੇਸ਼ ਸਲਾਹ

ਇਸ ਤੋਂ ਇਲਾਵਾ ਹੋਰ ਵੀ ਕੋਈ ਇਮੀਗਰੇਸ਼ਨ ਸਬੰਧੀ ਮਾਮਲਿਆਂ ਲਈ ਮਦਦ ਕਰ ਸਕਦੇ ਹਾਂ

- Business Immigration (Investors, Enterpreneurs, self employed)
- Family Business Immigration (Job offers to relatives)
- Family & Assisted relatives
- Application for refugee status
- For adoption.
- Foreign domestic workers.
- Special Consideration in farming.

Any other matter regarding Immigration.

**For Further Consultation Contact**

**KARNAIL SINGH NAGRA**

11420 GRANVILLE AVE. RICHMOND. B.C.

PH. (604) 270-2100



# Success Through Service & Experience

**AWARD WINNER**

OF THE MEDALLION CLUB, MEMBER OF THE I.C.I. DIVISION OF THE REAL ESTATE BOARD OF GREATER VANCOUVER IN BUSINESS SINCE 1971

**For Professional Market Evaluation or Consultation**

**Without any obligation, contact**

Buying, Selling or Trading

ਮਕਾਨ ਵੇਚਣ ਜਾਂ ਖ਼੍ਰੀਦਣ ਲਈ ਸਾਡੇ ਨਾਲ ਸੰਪਰਕ ਪੈਦਾ ਕਰੋ

**Ph. Bus: 437-9431 Res: 434-4660**

**UNITED REALTY LTD.**

2443 Kingsway, Vancouver, B.C. V5R 5G8



**Ajaib S. Janda**



# MINT
# AUTO BODY LTD.

- Complete Professional Auto Body Repairs and Refinishing on all makes and models
- I.C.B.C. claims handled promptly
- Complete framework
- UNI - BODY repairs
- All work conditionally guaranteed
- Free estimates
- Courtesy cars

ਕਾਰਾਂ, ਵੈਨਾਂ ਅਤੇ ਪਿਕ-ਅੱਪ ਟਰੱਕਾਂ ਦੀ ਅੱਛੀ ਤੇ ਪ੍ਰੋਫੈਸ਼ਨਲ ਮੁਰੰਮਤ ਲਈ ਅਤੇ ਤਸੱਲੀਬਖ਼ਸ਼ ਪੇਂਟਿੰਗ ਲਈ ਸਾਨੂੰ ਸੇਵਾ ਦਾ ਮੌਕਾ ਦਿਉ



**Bhupinder(Bob) Sihota**



For further information call:

**Bhupinder(Bob) Sihota**

**Ph. 433-1207**

**Mint Auto Body Ltd.**

5590 Lane Street, BURNABY, B.C. V5H 2H5



# ‘ਫੈਡਰਲ ਪਾਰਟੀ’ ਵਿਚ ਭਾਜਪਾ ਸ਼ਾਮਲ ਨਹੀਂ

ਨਵੀਂ ਦਿੱਲੀ — ਜਨਤਾ ਪਾਰਟੀ ਦੇ ਸੀਨੀਅਰ ਨੇਤਾ ਬੀਜੂ ਪਟਨਾਇਕ ਨੇ ਇਥੇ ਕਿਹਾ ਕਿ ਗੈਰ-ਕਮਿਊਨਿਸਟ ਵਿਰੋਧੀ ਪਾਰਟੀਆਂ ਨੂੰ ਮਿਲਾ ਕੇ ਇਕ ਬਣ ਰਹੀ ‘ਫੈਡਰਲ ਪਾਰਟੀ’ ਵਿਚ ਭਾਰਤੀ ਜਨਤਾ ਪਾਰਟੀ ਸ਼ਾਮਲ ਨਹੀਂ ਹੋਵੇਗੀ ਉਨ੍ਹਾਂ ਕਿਹਾ ਕਿ ਪਾਰਲੀਮੈਂਟ ਦੇ ਅਗਲੇ ਇਜਲਾਸ ਤੋਂ ਪਹਿਲਾਂ ਪਹਿਲਾਂ ਇਸ ਪਾਰਟੀ ਦੀ ਰੂਪ-ਰੇਖਾ ਪੂਰੀ ਤਰ੍ਹਾਂ ਤਿਆਰ ਹੋ ਜਾਵੇਗੀ। ਚੇਤੇ ਰਹੇ ਕਿ ਪਾਰਲੀਮੈਂਟ ਇਜਲਾਸ 27 ਜੁਲਾਈ ਨੂੰ ਸ਼ੁਰੂ ਹੋ ਰਿਹਾ ਹੈ।

ਸ੍ਰੀ ਬੀਜੂ ਪਟਨਾਇਕ ਨੇ ਕਿਹਾ ਕਿ ਇਹ ਆਸ ਕੀਤੀ ਜਾਂਦੀ ਹੈ ਕਿ ਜਨ ਮੋਰਚਾ ਦੇ ਨੇਤਾ ਵੀ. ਪੀ. ਸਿੰਘ ਨਵੀਂ ਪਾਰਟੀ ਦੇ ਕਨਵੀਨਰ ਜਾਂ ਕੋਆਰਡੀਨੇਟਰ ਹੋਣਗੇ। ਪਟਨਾਇਕ ਨੇ ਕਿਹਾ ਕਿ ਨਵੀਂ ਪਾਰਟੀ ਇਕ ਤਰ੍ਹਾਂ ਨਾਲ ਸਾਂਝੇ ਪ੍ਰੋਗਰਾਮਾਂ ਉਤੇ ਆਧਾਰਿਤ ਯੂਨਾਈਟਿਡ ਫਰੰਟ ਹੀ ਹੋਵੇਗੀ ਜਿਸ ਵਿਚ ਜਨ ਮੋਰਚਾ ਤੋਂ ਇਲਾਵਾ ਜਨਤਾ ਪਾਰਟੀ, ਲੋਕ ਦਲ, ਕਾਂਗਰਸ (ਐਸ), ਤੇਲਗੂ ਦੇਸ਼ਮ, ਅਸਾਮ ਗਣ ਪ੍ਰੀਸ਼ਦ, ਡੀ. ਐਮ ਕੇ ਸ਼ਾਮਲ ਹੋਣਗੇ। ਉਨ੍ਹਾਂ ਕਿਹਾ ਕਿ ਨਵੀਂ ਪਾਰਟੀ ਭਾਰਤੀ ਜਨਤਾ ਪਾਰਟੀ, ਸੀ ਪੀ ਆਈ, ਸੀ ਪੀ ਐਮ ਅਤੇ ਹੋਰ ਖੱਬੀਆਂ ਪਾਰਟੀਆਂ ਨਾਲ ਚੋਣ ਗਠਜੋੜ ਕਰੇਗੀ।

ਉਨ੍ਹਾਂ ਕਿਹਾ ਕਿ ਨਵੀਂ ਪਾਰਟੀ ਅਗਲੀਆਂ ਆਮ ਚੋਣਾਂ ਵਿਚ ਇਕ ਝੰਡੇ ਅਤੇ ਇਕ ਚੋਣ ਨਿਸ਼ਾਨ ਹੇਠ ਚੋਣ ਲੜੇਗੀ। ਨਵੀਂ ਪਾਰਟੀ ਦੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਦਾ ਖਰੜਾ ਤਿਆਰ ਕੀਤਾ ਜਾ ਰਿਹਾ ਹੈ।

ਇਹ ਪੁਛੇ ਜਾਣ ਉਤੇ ਕਿ ਤੇਲਗੂ ਦੇਸ਼ਮ, ਡੀ. ਐਮ. ਕੇ. ਅਤੇ ਅਸਾਮ ਗਣ ਪ੍ਰੀਸ਼ਦ ਆਪਣੀ ਹੋਂਦ ਨੂੰ ਖਤਮ ਕਰਕੇ ਤਜਵੀਜ਼ ਸ਼ੁਦਾ ਫੈਡਰਲ ਪਾਰਟੀ ਵਿਚ ਜਜ਼ਬ ਹੋਣ ਲਈ ਸਹਿਮਤ ਹੋ ਜਾਣਗੀਆਂ, ਪਟਨਾਇਕ ਨੇ ਕਿਹਾ ਕਿ ਉਹ ਚੋਣ ਲੜਨ ਦੇ ਉਦੇਸ਼ ਨਾਲ ਸ਼ਾਮਲ ਹੋ ਜਾਣਗੀਆਂ ਪਰ ਉਹ ਆਪਣੇ ਆਪਣੇ ਰਾਜ ਵਿਚ ਆਪਣੇ ਵਜੂਦ ਨੂੰ ਕਾਇਮ ਵੀ ਰੱਖਣਗੀਆਂ। ਇਹ ਪੁੱਛੇ ਜਾਣ ਉਤੇ ਕਿ ਜੇਕਰ ਤਜਵੀਜ਼ਸ਼ੁਦਾ ਫੈਡਰਲ ਪਾਰਟੀ ਅਗਲੀਆਂ ਆਮ ਚੋਣਾਂ ਵਿਚ ਜਿੱਤ ਗਈ ਤਾਂ ਇਸ ਸੂਰਤ ਵਿਚ ਉਹ — ਵੀ ਪੀ ਸਿੰਘ ਨੂੰ ਆਪਣਾ ਨੇਤਾ ਮੰਨ ਕੇ ਪ੍ਰਧਾਨ ਮੰਤਰੀ ਬਣਾ ਦੇਵੇਗੀ, ਪਟਨਾਇਕ ਨੇ ਕਿਹਾ ਕਿ ਦੇਸ਼ ਦਾ ਪ੍ਰਧਾਨ ਮੰਤਰੀ ਕੌਣ ਹੋਣਾ ਹੈ, ਇਸ ਦਾ ਫੈਸਲਾ ਤਾਂ ਨਵੇਂ ਚੁਣੇ ਸੰਸਦ ਮੈਂਬਰ ਹੀ ਕਰਨਗੇ।

ਇਸੇ ਦੌਰਾਨ ਜਨਤਾ ਪਾਰਟੀ ਦੇ ਸਾਬਕਾ ਪ੍ਰਧਾਨ ਸ੍ਰੀ ਚੰਦਰ ਸ਼ੇਖਰ ਨੇ ਸਪਸ਼ਟ ਕੀਤਾ ਹੈ ਕਿ ਉਨ੍ਹਾਂ ਨੇ ਕਦੇ ਵੀ ਵੀ. ਪੀ. ਸਿੰਘ ਦੀ ਲੀਡਰਸ਼ਿਪ ਉਤੇ ਕਿੰਤੂ ਨਹੀਂ ਕੀਤਾ ਅਤੇ ਨਾ ਹੀ ਉਹ ਵਿਰੋਧੀ ਦਲਾਂ ਵਿਚ ਏਕਤਾ ਲਈ ਰੋੜਾ ਬਣ ਸਕਦੇ ਹਨ। ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਨਤਾ ਪਾਰਟੀ ਦੇ ਨੇਤਾ ਨੇ ਕਿਹਾ ਕਿ ਵੀ. ਪੀ. ਸਿੰਘ ਬਾਰੇ ਮੇਰੀਆਂ ਟਿਪਣੀਆਂ ਨੂੰ ਗਲਤ ਢੰਗ ਨਾਲ ਪੇਸ਼ ਕੀਤਾ ਗਿਆ ਹੈ ਜਿਵੇਂ ਕਿ ਪਹਿਲਾਂ ਵੀ ਹੁੰਦਾ ਰਿਹਾ। ਸ੍ਰੀ ਸ਼ੇਖਰ ਨੇ ਕਿਹਾ ਕਿ ਜਦੋਂ ਵੀ ਮੈਂ ਕਿਤੇ ਮੂੰਹ ਖੋਲ੍ਹਦਾ ਹਾਂ ਤਾਂ ਮੇਰੇ ਬਿਆਨ ਨੂੰ ਵਾਦ-ਵਿਵਾਦ ਬਣਾ ਦਿੱਤਾ ਜਾਂਦਾ ਹੈ।

ਯਾਦ ਰਹੇ ਕਿ ਸ਼ੇਖਰ ਬਾਰੇ ਅਖਬਾਰਾਂ ਵਿਚ ਖਬਰਾਂ ਛਪੀਆਂ ਸਨ ਕਿ ਉਹ ਨਹੀਂ ਚਾਹੁੰਦੇ ਕਿ ਵੀ ਪੀ ਸਿੰਘ ਨੂੰ ਪ੍ਰਧਾਨ ਮੰਤਰੀ ਦੇ ਤੌਰ ਤੇ ਉਭਾਰਿਆ ਜਾਵੇ। ਉਨ੍ਹਾਂ ਇਹ ਵੀ ਕਿਹਾ ਸੀ ਕਿ ਵੀ ਪੀ ਸਿੰਘ ਕਾਂਗਰਸ (ਆਈ) ਦੀ ‘ਥਾਂ’ ਤਾਂ ਪੂਰ ਕਰ ਸਕਦਾ ਹੈ ਪਰ ‘ਬਦਲ’ ਨਹੀਂ ਬਣ ਸਕਦਾ। ਸ਼ੇਖਰ ਨੇ ਕਿਹਾ, “ਮੈਂ ਤਾਂ ਸਿਰਫ ਏਨਾ ਹੀ ਕਿਹਾ ਸੀ ਕਿ ਪ੍ਰਧਾਨ ਮੰਤਰੀ ਦੇ ਬਦਲ ਦਾ ਮਸਲਾ ਨੀਤੀਆਂ ਅਤੇ ਮੁੱਦਿਆਂ ਉਤੇ ਆਧਾਰਿਤ ਹੋਣਾ ਚਾਹੀਦਾ ਹੈ ਨਾ ਕਿ ਵਿਅਕਤੀਗਤ ਆਧਾਰ ਉਤੇ ਇਸ ਦਾ ਫੈਸਲਾ ਹੋਵੇ। ਹੁਣ ਤੱਕ ਵੀ ਪੀ ਸਿੰਘ ਸਿਰਫ ਭ੍ਰਿਸ਼ਟਾਚਾਰ ਦੇ ਵਿਰੁਧ ਉਭਰ ਕੇ ਸਾਹਮਣੇ ਆਏ ਹਨ ਪਰ ਉਹ ਅਜੇ ਵੀ ਮੁੱਦਿਆਂ ਅਤੇ ਨੀਤੀਆਂ ਬਾਰੇ ਖਾਮੋਸ਼ ਹਨ। ਕਿਸੇ ਦੀ ‘ਥਾਂ’ ਪੂਰੀ ਕਰਨੀ ਤੇ ‘ਬਦਲ’ ਬਣਨ ਵਿਚ ਢੇਰ ਅੰਤਰ ਹੈ।”

# ਕੈਨੇਡਾ ਡੇ (Canada Day) ਦੀ ਮਹੱਤਤਾ

ਪਹਿਲੀ ਜੁਲਾਈ ਨੂੰ ਕੈਨੇਡਾ ਦੀ ਕਨਫੈਡਰੇਸ਼ਨ ਬਨਣ ਦੀ 121ਵੀਂ ਵਰ੍ਹੇ ਗੰਢ ਸੀ। ਇਹ ਦਿਨ ਬੜੀ ਧੂਮ ਧਾਮ ਨਾਲ ਮਨਾਇਆ ਗਿਆ। ਅੱਜ ਤੋਂ 121 ਸਾਲ ਪਹਿਲੋਂ ਕੈਨੇਡਾ ਵਿਚੋਂ ਸਿਰਫ ਦਸ ਮਿਲੀਅਨ ਤੋਂ ਭੀ ਘੱਟ ਲੋਕ ਸਨ। ਹੁਣ ਤੱਕ ਦਸ ਮਿਲੀਅਨ ਇਮੀਗਰੈਂਟ ਆਏ। ਪੰਜ ਹਜ਼ਾਰ ਲੰਬੇ ਮੁਲਕ ਨੂੰ ਇਕ ਧਾਗੇ ਵਿਚ ਪਰੋਣਾ ਉਸ ਵੇਲੇ ਦੇ ਸਿਆਸਤਦਾਨਾਂ ਦੀ ਬੜੀ ਦੂਰ ਅੰਦੇਸ਼ੀ ਸੀ। ਕੈਨੇਡਾ ਨੂੰ ਭੀ ਨਿਊਜ਼ੀਲੈਂਡ ਤੇ ਆਸਟਰੇਲੀਆ ਵਾਂਗ ਡੁਮੀਨੀਅਨ ਦਾ ਸਟੇਟਸ ਸੀ। ਪਰ 71 ਸਾਲ ਪਹਿਲੋਂ ਕੈਨੇਡਾ ਨੇ ਇਸ ਸਟੇਟਸ ਵਿਚੋਂ ਆਪਦਾ ਨਾਂ ਵਾਪਸ ਲਿਆ ਤੇ ਡੁਮੀਨੀਅਨ ਦਿਨ ਤੋਂ ਇਸ ਦਿਵਸ ਦਾ ਨਾਂ ਕੈਨੇਡਾ ਡੇ ਰਖਿਆ।

ਸਾਡੇ ਲੋਕਾਂ ਲਈ ਭੀ ਇਸ ਦਿਨ ਦੀ ਵਿਸ਼ੇਸ਼ ਮਹੱਤਤਾ ਹੈ। 1949 ਵਿਚ ਸਾਨੂੰ ਸ਼ਹਿਰੀਅਤ ਦਾ ਹੱਕ ਮਿਲਿਆ ਤੇ ਵੋਟ ਪਾਉਣ ਦਾ ਅਧਿਕਾਰ ਮਿਲਿਆ। ਸਾਡੇ ਬੱਚੇ ਪਬਲਿਕ ਸਕੂਲ ਵਿਚ ਦਾਖਲ ਹੋ ਸਕਦੇ ਸਨ, ਲਾਅ ਡਿਗਰੀ ਹਾਸਲ ਕਰ ਸਕਦੇ ਸਨ ਤੇ ਜਿਥੇ ਮਰਜ਼ੀ ਘਰ ਲੈ ਕੇ ਰਹਿ ਸਕਦੇ ਸਨ। ਕਾਨੂੰਨੀ ਤੌਰ ਤੇ ਸਾਡੇ ਨਾਲ ਵਿਤਕਰਾ ਬੰਦ ਹੋਇਆ ਤੇ ਬਰਾਬਰ ਦੇ ਹੱਕ ਮਿਲੇ। ਅਸਲੀ ਤੌਰ ਤੇ ਵਿਤਕਰਾ ਚਲਦਾ ਰਿਹਾ ਜਿਵੇਂ ਸਾਡੇ ਦੇਸ਼ ਵਿਚ ਕਾਨੂੰਨ ਬਨਣ ਦੇ ਭੀ ਬਾਵਜੂਦ ਪਛੜੀਆਂ ਸ਼੍ਰੇਣੀਆਂ ਨਾਲ ਵਿਤਕਰਾ ਹੋ ਰਿਹਾ ਹੈ।

ਇਹ ਹੱਕ ਸਾਨੂੰ ਐਵੇਂ ਜਾਂ ਮੁਫਤ ਵਾਂਗ ਨਹੀਂ ਮਿਲੇ। ਇਸਦੇ ਪਿਛੇ ਜਦੋ ਜਹਿਦ ਦਾ ਇਤਿਹਾਸ ਹੈ। 374 ਭਾਰਤੀ ਨੌਜੁਆਨਾਂ ਨੇ ਕਾਮਾਗਾਟਾ ਮਾਰੂ ਜਹਾਜ਼ ਲੈ ਕੇ ਵੈਨਕੂਵਰ ਦੀ ਬੰਦਰਗਾਹ ਵਿਚ ਐਂਟਰ ਕੀਤਾ ਤੇ ਕੈਨੇਡਾ ਸਰਕਾਰ ਦੀ ਨਸਲਵਾਦੀ ਨੀਤੀਆਂ ਨੂੰ ਵੰਗਾਰਿਆ। ਮੇਵਾ ਸਿੰਘ ਸ਼ਹੀਦ ਨੇ ਭੀ ਸ਼ਹੀਦੀ ਪਾਈ ਤੇ ਫਾਂਸੀ ਦੇ ਤਖਤੇ ਤੇ ਲਟਕਿਆ। ਕੁਝ ਮਸੰਦਾਂ ਤੇ ਜਾਬਰ ਸਰਕਾਰ ਨੇ ਰਲਕੇ ਸਾਡੇ ਸ਼ੇਰ ਨੂੰ ਮੌਤ ਦੇ ਘਾਟ ਉਤਾਰਿਆ। ਉਸ ਤੋਂ ਬਾਅਦ ਭੀ ਸਾਡੀਆਂ ਬਹੁਤ ਸਾਰੀਆਂ ਜਥੇਬੰਦੀਆਂ ਨੇ ਬਰਾਬਰਤਾ ਦੇ ਹੱਕਾਂ ਲਈ ਘੋਲ ਕੀਤਾ। ਭਾਵੇਂ ਕਿਤਾਬਾਂ ਤੇ ਚੰਗੇ ਕਾਨੂੰਨ ਲਿਖੇ ਗਏ ਹਨ ਪਰ ਇਨ੍ਹਾਂ ਕਾਨੂੰਨਾਂ ਨੂੰ ਅਸਲੀ ਰੂਪ ਦੇਣ ਲਈ ਭੀ ਸਾਨੂੰ ਇਸ ਸਰਕਾਰ ਨੂੰ ਹਰ ਵੇਲੇ ਚਿਤਾਵਨੀ ਦੇਣੀ ਪਵੇਗੀ।

## ਕੀ ਅਸੀਂ ਇਹ ਹੱਕ ਵਰਤਦੇ ਹਾਂ

ਸਾਡੇ ਲੋਕਾਂ ਵਿਚੋਂ ਸਿਰਫ ਤੀਜੇ ਹਿਸੇ ਨੇ ਸ਼ਹਿਰੀਅਤ ਲਈ ਹੈ। ਉਨ੍ਹਾਂ ਵਿਚੋਂ ਤੀਜੇ ਹਿਸੇ ਨੇ ਵੋਟਾਂ ਨਹੀਂ ਬਣਾਈਆਂ। ਇਸਦਾ ਭਾਵ ਜਿਸ ਥਾਂ ਸਾਡੀ ਨੌ ਹਜ਼ਾਰ ਆਬਾਦੀ ਹੈ ਤਿੰਨ ਹਜ਼ਾਰ ਨੇ ਸ਼ਹਿਰੀਅਤ ਲਈ ਹੈ ਤੇ ਉਸ ਵਿਚੋਂ ਦੋ ਹਜ਼ਾਰ ਨੇ ਵੋਟਾਂ ਬਣਾਈਆਂ ਹਨ। ਇਹ ਹੈ ਸਾਡੀ ਸਿਆਸੀ ਤਾਕਤ? 75 ਪਰਸੈਂਟ ਲੋਕ ਵੋਟਾਂ ਦੇ ਹੱਕਦਾਰ ਨਹੀਂ ਜਾਂ ਆਪਦਾ ਹੱਕ ਨਹੀਂ ਵਰਤਦੇ। ਸਿਆਣੇ ਲੋਕ ਮਹਿਸੂਸ ਕਰਦੇ ਹਨ ਕਿ ਇਹ ਸਾਡੇ ਵਿਚ ਵੱਡੀ ਘਾਟ ਹੈ। ਜੇ ਸਿਆਸੀ ਤਾਕਤ ਬਨਾਉਣੀ ਹੈ ਤਾਂ ਸ਼ਹਿਰੀਅਤ ਲੈਣੀ ਪਵੇਗੀ। ਕਿਉਂਕਿ ਹੁਣ ਇਹ ਕਾਨੂੰਨ ਬਣ ਗਿਆ ਹੈ ਕਿ ਸ਼ਹਿਰੀਅਤ ਤੋਂ ਬਿਨਾਂ ਆਪ ਮਿਊਂਸਪਲ, ਪਰਾਵਿੰਸ਼ਲ ਤੇ ਫੈਡਰਲ ਚੋਣਾਂ ਵਿਚ ਹਿਸਾ ਨਹੀਂ ਲੈ ਸਕਦੇ। ਹਰ ਸਿਆਸਤਦਾਨ ਦੀਆਂ ਵੋਟਾਂ ਆਪੋ ਆਪਣੇ ਹਲਕੇ ਵਿਚ ਗਿਣੀਆਂ ਪਈਆਂ ਹਨ। ਕੋਈ ਕਿਸੇ ਨੂੰ ਭੁਲੇਖਾ ਨਹੀਂ ਪਾ ਸਕਦਾ।

## ਤਾਕਤ ਦੀ ਵਰਤੋਂ ਕਿਵੇਂ ਕਰਨੀ ਹੈ?

ਸਾਨੂੰ ਸਿਆਸਤ ਜ਼ਜ਼ਬਾਤ ਨਾਲ ਨਹੀਂ ਅਕਲ ਨਾਲ ਸਮਝਣੀ ਪਵੇਗੀ। ਇਸ ਤਰ੍ਹਾਂ ਨਹੀਂ ਕਿ ਫਲਾਣਾ ਉਸ ਪਾਸੇ ਤੇ ਅਸੀਂ ਦੂਸਰੇ ਪਾਸੇ। ਇਸ ਤਰ੍ਹਾਂ ਗਲਤ ਪਾਰਟੀ ਦੀ ਮੱਦਤ ਹੋ ਜਾਂਦੀ ਹੈ। ਵਿਅਕਤੀ ਕੁਝ ਨਹੀਂ ਉਸਦੀ ਪਾਰਟੀ ਨੇ ਪਾਲਿਸੀ ਬਨਾਉਣੀ ਹੈ ਜਿਸਦੇ ਆਧਾਰ ਤੇ ਉਸ ਵਿਅਕਤੀ ਨੇ ਚਲਣਾ ਹੈ। ਵੇਖਣਾ ਇਹ ਹੈ ਕਿ ਆਮ ਲੋਕਾਂ ਦੇ ਹੱਕ ਦੀ ਕਿਹੜੀ ਪਾਰਟੀ ਹੈ। ਕੌਣ ਗਰੀਬ ਮਜ਼ਦੂਰ ਦੀ ਸੁਣਦਾ ਹੈ। ਅਮੀਰ ਦੀ ਤਾਂ ਹਰ ਇਕ ਨੇ ਸੁਨਣੀ ਹੈ ਨਹੀਂ ਉਸਨੇ ਪੈਸੇ ਦੇ ਜ਼ੋਰ ਨਾਲ ਸੁਣਾ ਲੈਣੀ ਹੈ। ਭੁਲੇਖਿਆਂ ਵਿਚ ਪੈਣ ਦੀ ਲੋੜ ਨਹੀਂ। ਸਾਰੀ ਦੁਨੀਆਂ ਤੇ ਦੋ ਧਿਰਾਂ ਹਨ। ਇਕ ਕੰਮ ਕਰਨ ਵਾਲਿਆਂ ਦੀ ਤੇ ਇਕ ਪੈਸੇ ਵਾਲਿਆਂ ਦੀ। ਪੈਸੇ ਵਾਲੇ ਸਿਆਸੀ ਲੀਡਰਾਂ ਨੂੰ ਚਮਚੇ ਬਣਾਕੇ ਰੱਖਦੇ ਹਨ। ਦੋਨਾਂ ਨੂੰ ਇਕ ਦੂਜੇ ਦੀ ਲੋੜ ਹੈ। ਇਕ ਨੂੰ ਕੁਰਸੀ ਤੇ ਦੂਸਰੇ ਨੂੰ ਪੈਸਾ।

## ਅੱਗੇ ਕਿਵੇਂ ਵਧੀਏ

ਵਿਨੀਪੈਗ ਤੋਂ ਐਮ. ਐਲ. ਏ. ਗੁਲਜ਼ਾਰ ਚੀਮੇਂ ਨੇ ਲੈਕਚਰ ਕਰਦਿਆਂ ਗੁਰਦੁਆਰੇ ਕਿਹਾ ਕਿ ਸਾਨੂੰ ਸਿਆਸਤ ਸਮਝਣੀ ਚਾਹੀਦੀ ਹੈ। ਧਰਮ ਤੇ ਸਿਆਸਤ ਭਾਰਤ ਵਾਂਗ ਨੇੜੇ ਨਹੀਂ ਲਿਆਉਣੀ ਚਾਹੀਦੀ। ਹਰ ਮੁਲਕ ਦੀ ਆਪਣੀ ਰੀਤ ਹੁੰਦੀ ਹੈ। ਸਾਨੂੰ ਬੁਨਿਆਦੀ ਕੀਮਤਾਂ ਨੂੰ ਸਮਝਣਾ ਚਾਹੀਦਾ ਹੈ। ਉਨ੍ਹਾਂ ਵੈਨਕੂਵਰ ਦੇ ਲੋਕਾਂ ਨੂੰ ਵੰਗਾਰਿਆ ਕਿ ਵਿੰਨੀਪੈਗ 'ਦੇ ਪੰਜ ਹਜ਼ਾਰ ਲੋਕਾਂ ਨੇ ਇਕ ਐਮ. ਐਲ. ਏ. ਬਣਾ ਲਿਆ ਹੈ ਕਿ ਆਪ ਸੱਠ ਹਜ਼ਾਰ ਲੋਕ ਐਲਡਰਮੈਨ, ਐਮ ਐਲ ਏ ਤੇ ਐਮ ਪੀ ਨਹੀਂ ਬਣਾ ਸਕਦੇ? ਸਾਡਾ ਬਹੁਤ ਵੱਡਾ ਪਰਵਾਰ ਹੈ। ਇਸ ਪਰਵਾਰ ਵਿਚ ਅੰਦਰੂਨੀ ਝਗੜੇ ਹੋਣੇ ਆਪ ਜਿਹੀ ਗੱਲ ਹੈ। ਇਨ੍ਹਾਂ ਪਰਵਾਰਿਕ ਝਗੜਿਆਂ ਤੇ ਵਾਦ ਵਿਵਾਦ ਨੂੰ ਛੱਡ ਕੇ, ਸਮੁੱਚੀ ਕਮਿਊਨਿਟੀ ਲਈ ਸੋਚਦੇ ਹੋਏ ਸਾਨੂੰ ਆਪਦੀ ਸ਼ਾਨ ਤੇ ਫਖਰ ਵਿਚ ਵਾਧਾ ਕਰਨਾ ਚਾਹੀਦਾ ਹੈ। ਇਹ ਅੱਗੇ ਵਧਣ ਦਾ ਰਸਤਾ ਹੈ। ਜਦ ਕੋਈ ਬਾਹਰੋਂ ਹਮਲਾ ਆਵੇ ਤਾਂ ਸਾਨੂੰ ਲਾਮਬੰਦ ਹੋਣਾ ਚਾਹੀਦਾ ਹੈ। ਮੈਂ ਸਮਝਦਾ ਹਾਂ ਕਿ ਬਿਲ ਵੈਂਡਰ ਜ਼ਾਮ ਦਾ ਮੋਅ ਸਹੋਤੇ ਤੇ ਹਮਲਾ ਸਾਡੀ ਸਾਰੀ ਕਮਿਊਨਟੀ ਤੇ ਹਮਲਾ ਹੈ। ਉਸਨੇ ਸਾਡੇ ਚੜ੍ਹਦੇ ਸਿਤਾਰੇ ਤੇ ਚਿੱਕੜ ਸੁਟਣ ਦੀ ਕੋਸ਼ਿਸ਼ ਕੀਤੀ ਹੈ। ਸਾਨੂੰ ਇਸ ਗੱਲ ਦਾ ਭਾਰੀ ਇਤਰਾਜ਼ ਹੈ। ਚੋਣਾਂ ਆ ਰਹੀਆਂ ਹਨ। ਜੋਅ ਕਲਾਰਕ ਤੇ ਬਿਲ ਵੈਂਡਰਜ਼ਾਮ ਦੀ ਪਾਰਟੀ ਨੂੰ ਮੁਆਫ ਨਹੀਂ ਕਰਨਾ ਚਾਹੀਦਾ। ਹੁਣ ਮੌਕਾ ਹੈ ਸਿਆਸੀ ਮਸਲ ਵਿਖਾਉਣ ਦਾ।

## ਮਨ ਉਦਾਸ ਕਿਉਂ?

ਅਸੀਂ ਰੱਬ ਦੇ ਮਾਂਹ ਨਹੀਂ ਮਾਰੇ। ਸਾਡੇ ਸਵੇਰਿਆਂ ਤੇ ਭੀ ਲਾਲੀ ਆਵੇਗੀ। ਸੂਰਜ ਨਿੱਘੀ ਧੁਪ ਲੈ ਕੇ ਪਰਵੇਸ਼ ਕਰੇਗਾ। ਜਦ ਇਕ ਬੂਟੇ ਨੂੰ ਪੁੱਟਕੇ ਦੂਜੇ ਥਾਂ ਲਾਈਏ ਤਾਂ ਇਕ ਨਵਾਂ ਜੀਵਨ ਸ਼ੁਰੂ ਹੁੰਦਾ ਹੈ। ਸਾਰੇ ਇਮੀਗਰੈਂਟਾਂ ਨਾਲ ਇਸ ਤਰ੍ਹਾਂ ਹੀ ਵਾਪਰਦੀ ਹੈ। ਅਸੀਂ ਦੁਬਿਧਾ ਵਿਚ ਫਸ ਜਾਂਦੇ ਹਾਂ ਕਿਉਂਕਿ ਇਥੋਂ ਦੇ ਸਭਿਆਚਾਰ ਤੇ ਜੀਵਨੀ ਵਿਚ ਬਹੁਤ ਫਰਕ ਹੈ। ਬਹੁਤ ਲੋਕ ਮਹਿਸੂਸ ਕਰਦੇ ਹਨ ਇਥੇ ਆਉਣ ਦਾ ਕੀ ਫਾਇਦਾ ਹੋਇਆ। ਬੱਚੇ ਹਥੋਂ ਗਵਾ ਲਏ ਹਨ। ਇਹ ਨਵੇਂ ਜੀਵਨ ਤੇ ਰੱਜੇ ਮੁਲਕ ਦੀ ਇਕ ਬਖਸ਼ਿਸ਼ ਹੈ। ਨਵੀਆਂ ਕੀਮਤਾਂ ਤੇ ਪੁੰਗਰਦੇ ਬੱਚਿਆਂ ਨਾਲ ਸਮਝੌਤਾ ਕਰਨਾ ਹੀ ਪੈਣਾ ਹੈ। ਨਵਾਂ ਜੀਵਨ ਬਹੁ-ਭਾਂਤੀ ਤੇ ਮਿਲਗੋਭਾ ਹੈ। ਕਈਆਂ ਨੂੰ ਫਿਟ ਹੈ ਤੇ ਕਈਆਂ ਨੂੰ ਫਿਟ ਨਹੀਂ ਬੈਠਾ। ਜ਼ਿੰਦਗੀ ਨੂੰ ਤੁਲਨਾਤਮਕ ਬਣਾਕੇ ਹੀ ਬੇੜਾ ਪਾਰ ਲੱਗੇਗਾ। ਨਹੀਂ ਤਾਂ ਪਰਾਏ ਦੇਸ਼ ਦੀਆਂ ਛੱਲਾਂ ਦੇ ਹੜ੍ਹ ਵਿਚ ਰੁੜਨ ਦਾ ਖਤਰਾ ਹੈ।

## ਕਰਨਾ ਕੀ ਚਾਹੀਦਾ?

ਇਹ ਸਾਫ ਹੈ ਇਥੇ ਆਇਆਂ ਰਫਿਊਜ਼ੀ, ਇਮੀਗਰੈਂਟਾਂ ਨੂੰ ਛੱਡੋ। ਮੁੜਕੇ ਦੇਸ਼ ਵਾਪਸ ਨਹੀਂ ਗਿਆ। ਹਜ਼ਾਰ ਵਿਚੋਂ ਇਕ ਪਰਵਾਰ ਭਾਵੇਂ ਵਾਪਸ ਚਲਿਆ ਜਾਵੇ। ਦੇਸ਼ ਤੋਂ ਬਾਹਰ ਆਉਣ ਲਈ ਬਹੁਤ ਪਰਵਾਰ ਤਾਂਘ ਰਹੇ ਹਨ। ਕਈ ਪਰਚਾਰਕ ਭੀ ਇਥੇ ਆ ਕੇ ਦੜ ਵੱਟ ਗਏ ਹਨ। ਭਾਵੇਂ ਉਨ੍ਹਾਂ ਪਾਸ ਮਿਸਾਲ ਹੈ ਕਿ ਤੀਜੀ ਪੁਸ਼ਤ ਤੱਕ ਟਾਂਵਾਂ ਟਾਂਵਾਂ ਹੀ ਸਿੱਖੀ ਸਰੂਪ ਵਿਚ ਰਹਿ ਰਿਹਾ ਹੈ। ਇਹ ਦੇਸ਼ ਪਿਆਰ ਤੇ ਧਰਮ ਪਿਆਰ ਦਾ ਦਰਿਸ਼ਟਾਂਤ ਹੈ? ਸਚਾਈ ਮੰਨਣ ਤੋਂ ਬਹੁਤ ਲੋਕ ਮੁਨਕਰ ਹਨ। ਆਪਦੇ ਨੱਕ ਤੋਂ ਅਗਾਂਹ ਨਹੀਂ ਵੇਖਦੇ। ਸਾਡੀ ਜ਼ਬਾਨ ਤੇ ਸਭਿਆਚਾਰ ਰਹਿ ਸਕਦਾ ਹੈ ਜਿਵੇਂ ਯਹੂਦੀਆਂ ਨੇ ਆਪਦੀ ਰਹੁ ਰੀਤ ਬਰਕਰਾਰ ਰੱਖੀ ਹੈ। ਆਉਣ ਵਾਲੀ ਪਨੀਰੀ ਨੂੰ ਘੋਟੇ ਰਾਹੀਂ ਨਹੀਂ ਪਰ ਦਲੀਲ ਨਾਲ ਸਮਝਾਉਣਾ ਪਵੇਗਾ, ਇਤਿਹਾਸਕ ਮਿਸਾਲਾਂ ਦੇ ਕੇ ਕਿ ਆਪਣੀ ਹੋਂਦ ਨੂੰ ਅਮਰ ਰੱਖਣ ਲਈ ਕੀ ਫਾਇਦੇ ਹਨ। ਜੋ ਲੋਕ ਜੜ੍ਹਾਂ ਕੋਲੋਂ ਨਿਖੜ ਗਏ ਹਨ ਉਨ੍ਹਾਂ ਦਾ ਕੋਈ ਟਿਕਾਣਾ ਨਹੀਂ। ਕਾਲੇ ਲੋਕ 300 ਸਾਲਾਂ ਬਾਅਦ ਅਫਰੀਕਾ ਵਿਚ ਆਪਦੀਆਂ ਜੜ੍ਹਾਂ ਲੱਭਣ ਜਾ ਰਹੇ ਹਨ। ਭਵਿਖ ਵਿਚ ਕਦਮ ਸਮਝ ਨਾਲ ਪੁੱਟਣਾ ਹੈ। ਇਸ ਮੁਲਕ ਵਿਚ ਆਪਦੀ ਸਿਆਸੀ ਤੇ ਮਾਲੀ ਤਾਕਤ ਵਧਾਉਣੀ ਹੈ ਤੇ ਨਾਲ ਹੀ ਆਪਣੀ ਹੋਂਦ ਨੂੰ ਨਹੀਂ ਭੁਲਣਾ। ਜੇ ਸਭਿਆਚਾਰ ਤੇ ਬੋਲੀ ਚਲੀ ਗਈ ਤਾਂ ਸਾਡੀ ਸਾਰੀ ਕਮਿਊਨਿਟੀ ਇਸ ਵੱਡੇ ਸਮੁੰਦਰ ਵਿਚ ਡੁੱਬ ਜਾਵੇਗੀ।

ਵਲੋਂ : ਚਰਨਪਾਲ ਗਿੱਲ


# UJJAL DOSANJH
## LAWYER

#202—5887 VICTORIA DRIVE,
VANCOUVER, B.C. V5P 3W5

**ਆਪਣੀ ਬੋਲੀ ਵਿਚ ਗੱਲ ਕਰਨੀ ਸੌਖੀ ਹੈ**

- ਆਈ. ਸੀ. ਬੀ. ਸੀ.
- ਡਾਈਵੋਰਸ (ਤਲਾਕ) ਅਤੇ ਪ੍ਰੀਵਾਰਕ (ਫੈਮਿਲੀ) ਕੇਸ
- ਇਮੀਗਰੇਸ਼ਨ ਦੀਆਂ ਅਪੀਲਾਂ
- ਅਦਾਲਤਾਂ ਦੇ ਹੋਰ ਕਈ ਕਿਸਮ ਦੇ ਕੇਸ

ਹੋਰ ਜਾਣਕਾਰੀ ਲਈ ਫ਼ੋਨ ਕਰੋ :

ਉਜੱਲ ਦੁਸਾਂਝ

PHONE 327-6381


# ਵਿਸ਼ੇਸ਼ ਖਬਰਾਂ

## ਛੇ ਕਤਲ

- ਵੀਰਵਾਰ 15 ਜੁਲਾਈ ਨੂੰ ਪੰਜਾਬ ਵਿਚ ਛੇ ਕਤਲ ਹੋਏ — ਬੁੱਧਵਾਰ 13 ਜੁਲਾਈ ਦੇ ਦਿਨ ਸ਼ਾਂਤੀ ਰਹੀ ਸੀ। ਸੁੱਖੇ ਸਿਪਾਹੀ ਉਰਫ ਲਾਭ ਸਿੰਘ ਦਾ ਇਕ ਸਾਥੀ ਬਲਬੀਰ ਸਿੰਘ ਮਾਰਿਆ ਗਿਆ —
- “ਹਿੰਦ ਸਮਾਚਾਰ” ਗਰੁਪ ਦਾ ਇਕ ਹੋਰ ਪੱਤਰਕਾਰ ਇੰਦਰਜੀਤ ਕਲ੍ਹ ਉਸ ਸਮੇਂ ਮਾਰਿਆ ਗਿਆ ਜਦੋਂ ਉਹ ਲੁਧਿਆਣੇ ਲਈ ਗੱਡੀ ਫੜ ਰਿਹਾ ਸੀ।
- ਇਕ ਹੋਰ ਦਹਿਸ਼ਤਗਰਦ ਬਲਬੀਰ ਸਿੰਘ ਕੋਲੋਂ 12 ਰਾਕਟ ਲਾਂਚਰ ਫੜੇ ਗਏ ਤੇ ਉਹ ਪੁਲਸ ਮੁਕਾਬਲੇ 'ਚ ਮਾਰਿਆ ਗਿਆ।
- ਅੰਮ੍ਰਿਤਸਰ ਜ਼ਿਲੇ ਵਿਚ ਮੁਖਤਿਆਰ ਸਿੰਘ ਤੇ ਤਰਨਤਾਨ ਵਿਚ ਜਾਗੀਰ ਸਿੰਘ ਮਾਰ ਦਿੱਤਾ ਗਿਆ।
- ਫਰੀਦਕੋਟ ਜ਼ਿਲੇ ਵਿਚੋਂ ਛੇ ਅਤਿਵਾਦੀ ਫੜੇ ਗਏ
- ਹਰਿਮੰਦਰ ਕੰਪਲੇਕਸ ਵਿਚ ਹੱਡੀਆਂ ਦੇ ਤਿੰਨ ਢਾਂਚੇ ਹੋਰ ਮਿਲੇ
- ਸਾਂਝੇ ਅਕਾਲੀ ਦਲ ਦਾ ਸਾਬਕਾ ਵਿਧਾਇਕ ਮਹਿੰਦਰ ਸਿੰਘ ਸਰੂਪਵਾਲੀ ਦੇ ਕਤਲ ਦੀ ਹਰ ਵਰਗ ਵਲੋਂ ਨਿੰਦਾ —



# ਧਰਮ ਤੇ ਫ਼ਲਸਫ਼ਾ

## ਧਰਮ ਤੇ ਰਾਜਨੀਤੀ

**ਗੁਰਮੀਤ ਸਿੰਘ ਢੁੱਡੀਕੇ**

ਆਪਣੇ 15-30 ਅਪ੍ਰੈਲ ਦੇ 'ਕੈਨੇਡਾ ਦਰਪਣ' ਦੇ ਲੇਖ ਤੋਂ ਅੱਗੇ ਚਲਦਿਆਂ ਮੇਹਰ ਸਿੰਘ ਸੰਧੂ ਨੇ 1-14 ਮਈ ਦੇ ਅੰਕ ਵਿਚ ਫਿਰ ਬੜੀ ਈਮਾਨਦਾਰੀ ਨਾਲ ਆਪਣੀ ਇਸ ਧਾਰਨਾ ਨੂੰ ਦੁਹਰਾਂਦਿਆਂ ਕਿ ਧਰਮ ਤੇ ਰਾਜਨੀਤੀ ਇਕੱਠੇ ਨਹੀਂ ਹੋ ਸਕਦੇ, ਲਿਖਿਆ ਹੈ, "ਧਰਮ ਤੇ ਰਾਜਨੀਤੀ ਨੂੰ ਇਕੱਠੇ ਕਰਨ ਦੇ ਹੱਕ ਵਿਚ ਕਈ ਦਲੀਲਾਂ ਦਿੱਤੀਆਂ ਜਾਂਦੀਆਂ ਹਨ, ਇਨ੍ਹਾਂ ਦਲੀਲਾਂ ਦਾ ਗੁਰਬਾਣੀ ਦੀ ਕਸਵੱਟੀ ਉਤੇ ਪੂਰਾ ਉਤਰਨਾ ਜ਼ਰੂਰੀ ਹੈ।" ਮੈਨੂੰ ਇਸ ਗੱਲ ਨੂੰ ਸਿੱਧ ਕਰਨ ਲਈ ਕਿ ਧਰਮ ਤੇ ਰਾਜਨੀਤੀ ਨਿਖੇੜੇ ਨਹੀਂ ਜਾ ਸਕਦੇ ਗੁਰਬਾਣੀ ਵਿਚੋਂ ਪ੍ਰਮਾਣ ਦੇਣ ਦੀ ਲੋੜ ਨਹੀਂ ਰਹੀ। ਕਿਉਂਕਿ ਉਨ੍ਹਾਂ ਆਪ ਹੀ ਅਜਿਹੀਆਂ ਉਦਾਹਰਣਾ ਦੇ ਕੇ ਮੇਰਾ ਕੰਮ ਸੌਖਾ ਕਰ ਦਿੱਤਾ ਹੈ। ਗੁਰਬਾਣੀ ਜਾਂ ਅੰਜੀਲ ਦੇ ਹੋਰ ਧਾਰਮਕ ਗ੍ਰੰਥ ਵਿਗਿਆਨਕ ਯੁੱਗ ਤੋਂ ਪਹਿਲਾਂ ਦੇ ਸਮੇਂ ਦੀ ਉਪਜ ਹਨ ਅਤੇ ਆਪਣੀ ਬੁਨਿਆਦੀ ਸਿਖਿਆ ਵਿਚ ਸਾਰੇ ਮਨੁਖਵਾਦੀ ਹਨ। ਹਜ਼ਰਤ ਈਸਾ ਦਾ ਇਹ ਕਹਿਣਾ 'ਗਰੀਬਾਂ ਨੂੰ ਦਾਨ ਕਰੋ' ਤੇ ਇਸਲਾਮ ਦਾ ਇਹ ਪੈਗਾਮ ਕਿ 'ਖੈਰਾਤ ਕਰੋ' ਓਸੇ ਮਨੁਖਵਾਦੀ ਰੁਚੀ ਦੇ ਹੀ ਲਖਾਇਕ ਹਨ। ਇਨ੍ਹਾਂ ਧਰਮਾਂ ਦੇ ਚਾਲਕ ਤੇ ਮਗਰੋਂ ਹੋਏ ਹੋਰ ਮਹਾਂਪੁਰਖਾਂ ਨੇ ਆਪਣੇ ਆਪਣੇ ਧਾਰਮਕ ਅਕੀਦਿਆਂ ਅਨੁਸਾਰ ਸੱਚ, ਨੇਕੀ ਤੇ ਸਹਿਨਸ਼ੀਲਤਾ ਦਾ ਪਰਚਾਰ ਕਿਸੇ ਸੰਸਾਰ-ਬਾਹਰੇ ਰੱਬ ਦੇ ਸਹਿਮ ਥੱਲੇ ਆਪਣੇ ਪੈਰੋਕਾਰਾਂ ਵਿਚ ਕੀਤਾ। ਓਹ ਵੀ ਸਮਾਂ ਸੀ ਜਦੋਂ ਚੰਦ, ਸੂਰਜ, ਪਾਣੀ ਤੇ ਅੱਗ ਵੀ ਮਨੁੱਖ ਦੇ ਦੇਵਤਾ ਸਮਝੇ ਜਾਂਦੇ ਸਨ ਤੇ ਮਨੁਖ ਆਪਣੀ ਅਗਿਆਨਤਾ ਕਾਰਨ ਇਨ੍ਹਾਂ ਤੋਂ ਡਰਦਾ ਤੇ ਪੂਜਾ ਕਰਦਾ ਸੀ। ਜਿਉਂ ਜਿਉਂ ਧਰਮ ਪੁਰਾਣੇ ਹੁੰਦੇ ਗਏ, ਇਹ ਭੇਖੀ ਰਸਮੋ-ਰਿਵਾਜ ਤੇ ਦੰਭ ਦਾ ਸ਼ਿਕਾਰ ਹੁੰਦੇ ਗਏ, ਕੁਰੀਤੀਆਂ ਵਧਦੀਆਂ ਗਈਆਂ ਤੇ ਇਤਿਹਾਸ ਵਿਚ ਇਕ ਅਜਿਹਾ ਸਮਾਂ ਆਇਆ ਜਦੋਂ ਧਰਮ ਦੇ ਅਨੁਯਾਈਆਂ ਨੂੰ ਧਾਰਮਕ ਲੀਡਰਾਂ ਨੇ ਆਪਣੀ ਮਨੋਰਥ ਸਿੱਧੀ ਜਾਂ ਰਾਜਸੀ ਤਾਕਤ ਹਥਿਆਉਣ ਲਈ ਵਰਤਿਆ। ਇਸ ਤਰ੍ਹਾਂ ਜਾਂ ਓਹ ਰਾਜੇ ਸਥਾਪਤ ਹੋ ਗਏ, ਜਾਂ ਰਾਜਿਆਂ ਨੇ ਹੀ ਆਪਣੇ ਆਪਨੂੰ ਰੱਬੀ ਫਰਮਾਨ ਸਦਕਾ ਰਾਜ ਕਰਦੇ ਦਰਸਾਇਆ। ਸਮਾਜ ਵਿਚ ਉਨ੍ਹਾਂ ਦੇ ਹਕੂਮਤ ਕਰਨ ਦੇ ਅਧਿਕਾਰ ਨੂੰ ਰੱਬੀ ਮੰਨਿਆ ਗਿਆ। ਆਧੁਨਿਕ ਯੁੱਗ ਦੇ ਆਰੰਭ ਨਾਲ ਜਿਉਂ ਜਿਉਂ ਵਿਗਿਆਨ ਦਾ ਖੇਤਰ ਚੌੜੇਰਾ ਹੁੰਦਾ ਗਿਆ ਧਾਰਮਕ ਖੇਤਰ ਸੁੰਗੜਦਾ ਗਿਆ। ਉਨੀਵੀਂ ਸਦੀ ਦੇ ਪਿਛਲੇ ਅੱਧ ਵਿਚ ਮਨੁੱਖੀ ਵਿਚਾਰਧਾਰਾ ਵਿਚ ਇਕ ਹੜ੍ਹ ਆਇਆ, ਜਿਸ ਸਦਕਾ ਹੇਠਲੀਆਂ ਤਿੰਨ ਪੁਸਤਕਾਂ ਹੋਂਦ ਵਿਚ ਆਈਆਂ। ਜਾਂ ਇਉਂ ਵੀ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਪੁਸਤਕਾਂ ਦਾ ਦੁਬਾਰਾ ਦੱਕਿਆਨੂਸੀ ਮਨੁਖੀ ਵਿਚਾਰਧਾਰਾ ਵਿਚ ਇਕ ਖਲਬਲੀ ਮੱਚ ਗਈ, ਇਹ ਪੁਸਤਕਾਂ ਸਨ ਚਾਰਲਸ ਡਾਰਵਿਨ ਦੀ 'ਜੀਵ-ਜੰਤੂਆਂ ਦਾ ਆਦਿ-ਆਰੰਭ', ਸਿਗਮੰਡ ਫਰਾਇਡ ਦੀ 'ਮਨੁਖੀ ਮਨ ਦਾ ਵਿਸ਼ਲੇਸ਼ਣ' ਤੇ ਕਾਰਲ ਮਾਰਕਸ ਦੀ 'ਸਰਮਾਇਆ'। ਇਨ੍ਹਾਂ ਪੁਸਤਕਾਂ ਵਿਚ ਲੁਪਤ ਸਿਧਾਂਤਾਂ ਤੇ ਉਨ੍ਹਾਂ ਪ੍ਰਤੀ ਸਮਾਜਕ ਕਿਰਿਆ ਤੇ ਪ੍ਰਤੀਕਿਰਿਆ ਵਲ ਨਾ ਜਾਂਦਾ ਹੋਇਆ ਹਾਲ ਦੀ ਘੜੀ ਮੈਂ ਸੰਧੂ ਸਾਹਿਬ ਦੇ ਮਨ ਵਿਚ ਸਥਾਪਤ ਧਾਰਨਾਵਾਂ ਵਲ ਮੁੜਦਾ ਹਾਂ।

ਸੰਧੂ ਸਾਹਿਬ ਨੇ ਧਰਮ ਦੇ ਨਾਂਅ ਤੇ ਹਿੰਦ-ਪਾਕ ਵੰਡ ਤੇ ਪੂਰਬੀ-ਪੱਛਮੀ ਪਾਕਿਸਤਾਨ ਵੰਡ ਤੇ ਲੜਾਈਆਂ ਦਾ ਵਰਨਣ ਕੀਤਾ ਹੈ। ਓਪਰੀ ਨਜ਼ਰੇ ਦੇਖਿਆਂ ਇਹ ਇਉਂ ਹੀ ਪ੍ਰਤੀਤ ਹੁੰਦਾ ਹੈ। ਜੇ ਇਉਂ ਹੀ ਮੰਨ ਲਈਏ ਤਾਂ ਵੀ ਮਨੁੱਖੀ ਸਮਾਜ ਵਿਚ ਧਰਮਾਂ ਦੇ ਰੋਲ ਦਾ ਪੜਦਾ ਫਾਸ਼ ਹੁੰਦਾ ਹੈ। ਇਸ ਪੱਖੋਂ ਦੇਖਿਆਂ ਹਿੰਦੂ ਜਾਂ ਸਿੱਖ ਤਾਂ ਮੁਸਲਮਾਨ ਦੇ ਹਾਲ ਤੇ ਛੁਰੀ ਰਖਦੇ ਵਾਜਬ ਸਮਝੇ ਜਾ ਸਕਦੇ ਹਨ ਪਰ ਪੱਛਮੀ ਪਾਕ ਵਾਲੇ ਪੂਰਬੀ ਪਾਕਿਸਤਾਨੀਆਂ ਤੇ ਅਸਹਿ ਤੇ ਅਕਹਿ ਅਣਮਨੁੱਖੀ ਜ਼ੁਲਮ ਢਾਂਦੇ ਹੋਏ ਸਮਝ ਨਹੀਂ ਪੈਂਦੇ, ਕਿਉਂਕਿ ਓਹ ਤਾਂ ਦੋਨੋਂ ਇਕੋ ਧਰਮ ਦੇ ਅਨੁਯਾਈ ਸਨ ਤੇ ਦੋਹਾਂ ਇਕੱਠਿਆਂ ਲੜਕੇ ਪਾਕਿਸਤਾਨ ਪ੍ਰਾਪਤ ਕੀਤਾ ਸੀ। ਦਰਅਸਲ ਇਹ ਸਾਰੇ ਯੁੱਧ ਤੇ ਬਟਵਾਰੇ ਤੇ ਹੋਰ ਅਜਿਹੀਆਂ ਇਤਿਹਾਸਕ ਲੜਾਈਆਂ ਦੇ ਪਿੱਛੇ ਕੰਮ ਕਰ ਰਹੇ ਆਰਥਕ ਹਿਤ ਹੁੰਦੇ ਹਨ ਜੋ ਲੁਪਤ ਤੇ ਨਹਿਤ ਹੋਣ ਕਾਰਨ ਜਨ-ਸਾਧਾਰਨ ਦੇ ਬਿਨਾ-ਗਿਆਨ ਪਕੜ ਵਿਚ ਨਹੀਂ ਆਉਂਦੇ।

ਗਾਂਧੀ ਜੀ ਨੂੰ ਭਾਰਤ ਨੂੰ ਸ਼ਾਂਤ-ਮਈ ਤਰੀਕੇ ਨਾਲ ਆਜ਼ਾਦੀ ਲੈ ਕੇ ਦੇਣ ਵਾਲਾ ਮਹਾਨ ਨੇਤਾ ਮੰਨਿਆ ਜਾਂਦਾ ਹੈ। ਪਰ ਇਸ ਰਾਸ਼ਟਰੀ ਉਭਾਰ ਦੇ ਪਿੱਛੇ ਜੋ ਨਹਿਤ ਹੱਥ ਕੰਮ ਕਰ ਰਹੇ ਸਨ ਇਹ ਭਾਰਤੀ ਕੌਮੀ ਸਰਮਾਏਦਾਰੀ ਦੇ ਸਨ ਜੋ ਬਦੇਸ਼ੀ ਸਰਮਾਏਦਾਰੀ ਨੂੰ ਬਾਹਰ ਕੱਢ ਕੇ ਇਸ ਸੋਨੇ ਦੀ ਚਿੜੀ ਨੂੰ ਆਪ ਲੁਟਣਾ ਚਾਹੁੰਦੀ ਸੀ। ਗਾਂਧੀ ਜੀ ਦੀ ਛਤਰ ਛਾਇਆ ਹੇਠ ਦੋਹਾਂ ਦਾ ਸਮਝੌਤਾ ਹੋ ਗਿਆ। ਤਕਨੀਕੀ ਗਿਆਨ ਬਾਹਰਲਾ ਮਜ਼ਦੂਰ ਤੇ ਕੱਚਾ ਮਾਲ ਭਾਰਤੀ ਟਾਟੇ ਬਿਰਲੇ ਵੀ ਲੁੱਟ ਦੇ ਸਾਂਝੀਦਾਰ ਹੋ ਗਏ ਤੇ ਹੌਲੀ ਹੌਲੀ ਹੋਰ ਕਾਬਜ਼ ਹੁੰਦੇ ਗਏ। ਕਿਹਾ ਨਹੀਂ ਜਾ ਸਕਦਾ ਕਿ ਆਜ਼ਾਦੀ ਦੀ ਇਸ ਖੇਡ ਵਿਚ ਗਾਂਧੀ ਜੀ ਜਾਣੇ ਏਜੰਟ ਦੇ ਤੌਰ ਤੇ ਕੰਮ ਕਰਦੇ ਗਏ ਜਾਂ ਅਜਾਣੇ ਹੀ ਇਸ ਜਾਲ ਦਾ ਸ਼ਿਕਾਰ ਹੋ ਗਏ। ਭਗਤ ਸਿੰਘ ਤੇ ਸਾਥੀਆਂ ਦੀ ਹਥਿਆਰਬੰਦ ਬਗਾਵਤ, ਜਹਾਜ਼ੀਆਂ ਦੀ ਬਗਾਵਤ ਨੂੰ ਉਨ੍ਹਾਂ ਮੋਢਾ ਨਾ ਲਾਇਆ। ਇਸ ਲਈ ਮਜ਼ਦੂਰ ਇਨਕਲਾਬ ਦੀਆਂ ਸਾਰੀਆਂ ਸੰਭਾਵਨਾਵਾਂ 'ਸ਼ਾਂਤੀ' ਦੇ ਪੇਟੇ ਪੈ ਗਈਆਂ। ਆਜ਼ਾਦੀ ਤੋਂ ਬਾਦ ਦੇ ਗਾਂਧੀ ਜੀ ਦੇ ਆਪਣੇ 'ਹਰੀਜਨ' ਅਖਬਾਰ ਦੇ ਬਿਆਨਾਂ ਤੋਂ ਤਾਂ ਇਉਂ ਲਗਦਾ ਹੈ ਕਿ ਗਾਂਧੀ ਨੇ ਆਪਣੇ ਮਰਨ ਤੋਂ ਪਹਿਲਾਂ ਹੀ ਆਪਣੇ ਆਦਰਸ਼ਾਂ ਨੂੰ ਬੁਰੀ ਤਰ੍ਹਾਂ ਕੁਚਲੇ ਜਾਂਦੇ ਦੇਖ ਲਿਆ ਤੇ ਦੇਸੀ ਸਰਮਾਏਦਾਰੀ ਦੇ ਤਾਂਡਵ-ਨਾਚ ਤੋਂ ਉਹ ਭੈ-ਭੀਤ ਹੋ ਗਏ ਸਨ। ਡਾਕਟਰ ਇਕਬਾਲ ਤੇ ਮਿਸਟਰ ਜਿਨਾਹ ਕਾਂਗਰਸ ਵਿਚ ਰਹਿ ਕੇ ਇਸ ਸੰਸਥਾ ਦੇ ਬੁਨਿਆਦੀ ਲੱਛਣ ਹਿੰਦੂ-ਫਾਸ਼ੀਵਾਦ ਤੇ ਹਿੰਦੂ-ਆਜਾਰਾਦਾਰੀ ਦੀ ਮਿਲੀਭੁਗਤ ਨੂੰ ਸਮਝ ਗਏ ਸਨ, ਇਸ ਲਈ ਮੁਸਲਮ ਲੀਗ ਹੋਂਦ ਵਿਚ ਲਿਆਂਦੀ ਗਈ। ਇਸਲਾਮੀ ਧਰਮ ਤੇ ਕਲਚਰ ਦੇ ਨਾਂਅ ਥੱਲੇ ਥੋੜੀ ਬਹੁਤ ਮੁਸਲਮ ਕਾਰਖਾਨੇਦਾਰੀ ਤੇ ਜਾਗੀਰਦਾਰੀ ਨੂੰ ਬਚਾਉਣ ਲਈ ਉਨ੍ਹਾਂ ਨੇ ਇਸਲਾਮ ਧਰਮ ਦਾ ਆਸਰਾ ਲਿਆ। ਵਰਨਾ ਕੌਣ ਨਹੀਂ ਜਾਣਦਾ ਕਿ ਜਿਨਾਹ ਸਾਹਿਬ ਕਿੰਨੇ ਕੁ ਪੱਕੇ ਮੁਸਲਮਾਨ ਸਨ। ਨਤੀਜਾ ਸੀ ਮੁਲਕ ਦਾ ਬਟਵਾਰਾ, ਜਨ-ਸਾਧਾਰਨ ਦਾ ਕਤਲ ਤੇ ਮਜ਼ਦੂਰ-ਹੇਤੂ ਲਹਿਰ ਦਾ ਕਮਜ਼ੋਰ ਹੋਣਾ। ਭਾਰਤੀ ਆਜ਼ਾਦੀ ਕੋਈ ਇਨਕਲਾਬ ਨਹੀਂ ਸੀ, ਬਦੇਸ਼ੀ ਸਰਮਾਏਦਾਰੀ ਦੀ ਭਾਰਤ ਵਿਚੋਂ ਅਜਾਰਾਦਾਰੀ ਖਤਮ ਕਰਕੇ ਹਿੰਦੂ ਸਰਮਾਏਦਾਰੀ — ਜਿਸਨੂੰ ਉਸਨੂੰ ਸਮੇਂ ਰਾਸ਼ਟਰੀ ਕਿਹਾ ਗਿਆ — ਦੀ ਸਥਾਪਤੀ ਸੀ। ਜਦੋਂ ਕਿਸੇ ਧਰਮ ਨਾਲ ਸੰਬੰਧਤ ਅਰਥਚਾਰਾ ਕਾਬਜ਼ ਹੋ ਜਾਂਦਾ ਹੈ ਤਾਂ ਉਹ ਘੱਟ ਗਿਣਤੀਆਂ ਦੇ ਨਾ ਕੇਵਲ ਸਰਮਾਏ ਤੇ ਹੱਥ ਫੇਰਦਾ ਹੈ ਸਗੋਂ ਉਸਦੇ ਧਰਮ ਤੇ ਕਲਚਰ ਤੇ 'ਹੋਂਦ' ਨੂੰ ਨੂੰ ਵੀ ਵੱਖ ਕਰਨ ਦੇ ਆਹਰੇ ਲਗਦਾ ਹੈ। ਜੇ ਪਾਕਿਸਤਾਨ ਇਸਲਾਮ ਧਰਮ ਦੇ ਨਾਂਅ ਤੇ ਹੀ ਬਣਿਆ ਹੁੰਦਾ ਤੇ ਮੁਸਲਮਾਨ ਆਪਣੇ ਧਰਮ ਦੇ ਸਿਰਕੱਢ ਅਸੂਲ ਭਰਾਤਰੀਤਾ ਤੇ ਹੀ ਚੱਲੇ ਹੁੰਦੇ ਤਾਂ ਪੱਛਮੀ ਪਾਕਿਸਤਾਨੀਆਂ ਨੇ ਪੂਰਬੀ ਪਾਕਿਸਤਾਨੀਆਂ ਦੇ ਗਲ ਤੇ ਛੁਰੀ ਨਾ ਰੱਖੀ ਹੁੰਦੀ। ਡਰ ਸੀ ਕਿ ਮਜੀਬ ਦੇ ਪ੍ਰਧਾਨ ਮੰਤਰੀ ਬਣਦਿਆਂ, ਪਾਕਿਸਤਾਨ ਦੀ ਰਾਜਸੀ ਸੱਤਾ ਹੱਥ ਆਉਂਦਿਆਂ ਹੀ ਪਟਸਨ, ਚੌਲ ਤੇ ਹੋਰ ਖਣਿਜ ਪਦਾਰਥਾਂ ਦੀ ਲੁਟ ਖਸੁੱਟ ਪੂਰਬੀ ਪਾਕ ਦੇ ਹਾਕਮਾਂ ਹੱਥੋਂ ਖਤਮ ਹੋ ਜਾਵੇਗੀ ਤੇ ਉਰਦੂ ਦੀ ਸਰਕਾਰੀ ਜ਼ਬਾਨ ਵਜੋਂ ਸਥਾਪਤੀ ਨੂੰ ਵੰਗਾਰ, ਬੰਗਾਲੀ ਕਲਚਰ ਦੇ ਵੱਖਰੀ ਹਸਤੀ ਵਜੋਂ ਸਥਾਪਤ ਹੋਣ ਦੇ ਰਾਹ ਤੁਰ ਪਵੇਗੀ। ਇਸ ਲਈ ਇਸਲਾਮੀ ਬਰਾਬਰੀ, ਭ੍ਰਾਤਰੀਤਾ ਦੇ ਜਨ-ਤੰਤਰ ਦੇ ਸਾਰੇ ਅਸੂਲਾਂ ਨੂੰ ਛਿੱਕੇ ਟੰਗ ਕੇ 30 ਲੱਖ ਮੁਸਲਮਾਨ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਬੰਗਲਾ ਦੇਸ਼ ਤੇ ਪਾਕਿਸਤਾਨ ਦੀ ਲੜਾਈ ਦੀ ਗੱਲ ਕਰਦਿਆਂ ਜੇ ਸੰਧੂ ਸਾਹਿਬ ਨੇ ਜ਼ਰਾ ਧਿਆਨ ਨਾਲ ਵਿਚਾਰਿਆ ਹੁੰਦਾ ਕਿ ਆਖਰ ਮੁਸਲਮਾਨ ਹੀ ਮੁਸਲਮਾਨਾਂ ਦੇ ਗਲ ਤੇ ਛੁਰੀ ਲੈ ਕੇ ਕਿਉਂ ਸਵਾਰ ਹੋ ਗਏ ? ਇਸ ਕਿੱਸੇ ਵਿਚ ਨਹੀਂ, ਦੁਨੀਆਂ ਦੇ ਹਰ ਕਿੱਸੇ ਵਿਚ ਕਾਰ-ਫਰਮਾ ਆਰਥਕ ਹਿਤ ਹੁੰਦੇ ਹਨ, ਧਰਮਾਂ ਦਾ ਲੁਬਾਦਾ ਪਹਿਨਾ ਕੇ ਲੋਕਾਂ ਦੇ ਜਜ਼ਬਾਤ ਨੂੰ ਉਕਸਾਇਆ ਉਭਾਰਿਆ ਤੇ ਉਨ੍ਹਾਂ ਦਾ ਸ਼ੋਸ਼ਣ ਕੀਤਾ ਜਾਂਦਾ ਹੈ। ਇਹੀ ਸਿਆਸਤ ਜਾਂ ਰਾਜਨੀਤੀ ਹੈ ਜੋ ਧਰਮਾਂ ਦੇ ਨਾਂਅ ਥੱਲੇ ਅਛੋਪਲੇ ਹੀ ਦੁਨੀਆਂ ਦਾ ਚਿਹਰਾ ਮੋਹਰਾ ਬਦਲਦੀ ਤੁਰੀ ਜਾਂਦੀ ਹੈ। ਯੋਰਪ ਦੀਆਂ ਮੱਧ-ਯੁਗ ਦੀਆਂ ਸਾਰੀਆਂ ਲੜਾਈਆਂ ਥੱਲੇ ਅਜਿਹੇ ਆਰਥਿਕ ਹਿਤ ਹੀ ਛੁਪੇ ਹੋਏ ਸਨ। ਆਰਥਕਤਾ ਚੂੰਕਿ ਰਾਜਨੀਤੀ ਤੋਂ ਸਿੱਧੀ ਪ੍ਰਭਾਵਤ ਹੁੰਦੀ ਹੈ ਤੇ ਸਿੱਟੇ ਵਜੋਂ ਉਸਨੂੰ ਮੋੜਵੇਂ ਤੌਰ ਤੇ ਪ੍ਰਭਾਵਤ ਕਰਦੀ ਹੈ, ਇਸ ਲਈ ਕੋਈ ਧਰਮ ਦੀ ਲੜਾਈ ਰਾਜਨੀਤੀ ਤੋਂ ਬਾਹਰੀ ਨਹੀਂ ਹੁੰਦੀ ਤੇ ਹਰ ਰਾਜਨੀਤੀ ਦੀ ਤਹਿ ਥੱਲੇ ਕਿਸੇ ਅਰਥਚਾਰੇ ਦੀ ਸਥਾਪਤੀ ਦਾ ਮਸਲਾ ਹੁੰਦਾ ਹੈ। ਕਿਸੇ ਵੀ ਅਰਥਚਾਰੇ ਦੇ ਮਾਲਕ ਕਿਸੇ ਧਰਮ, ਕਿਸੇ ਬੋਲੀ, ਕਿਸੇ ਕਲਚਰ ਦੇ ਧਾਰਨੀ ਜਾਂ ਕਿਸੇ ਭੂਗੋਲਿਕ ਅਕਾਈ ਦੇ ਰਹਿਣ ਵਾਲੇ ਹੋ ਸਕਦੇ ਹਨ। ਭਾਰਤ ਵਿਚ ਈਸਾਈ ਧਰਮ ਨੂੰ ਪਰਚਾਰਿਆ, ਅੰਗਰੇਜ਼ੀ ਜ਼ੁਬਾਨ ਦਾ ਮਹੱਤਵ ਸਥਾਪਤ ਕੀਤਿਆਂ ਬਗੈਰ ਅੰਗਰੇਜ਼ੀ ਰਾਜ ਇਨੀ ਦੇਰ ਨਹੀਂ ਸੀ ਤੱਗ ਸਕਦਾ।

ਸੰਧੂ ਸਾਹਿਬ ਨੇ ਪੂਰਬੀ ਤੇ ਪੱਛਮੀ ਪਾਕਿਸਤਾਨ ਦੀ ਲੜਾਈ ਦੇ ਸੰਧਰਵ ਵਿਚ ਗੁਰੂ ਨਾਨਕ ਦੇਵ ਦੀ ਬਾਣੀ ਦੇ ਪ੍ਰਮਾਣ ਦਿੱਤੇ ਹਨ ਜਿਸਨੂੰ ਧਾਰਮਕ ਹਲਕਿਆਂ ਵਿਚ 'ਬਾਬਰ ਬਾਣੀ' ਤੇ ਸਕੂਲੀ ਕਿਤਾਬਾਂ ਵਿਚ 'ਖੁਰਾਸਾਨ ਖਸਮਾਨਾ ਕੀਆ' ਦੇ ਨਾਂਅ ਥੱਲੇ ਸੰਕਲਿਤ ਕੀਤਾ ਗਿਆ ਮਿਲਦਾ ਹੈ। ਇਸ ਬਾਣੀ ਦਾ ਇਕ ਇਕ ਸ਼ਬਦ ਰਾਜਸੀ ਅਰਥਾਂ ਦਾ ਲਖਾਇਕ ਹੈ, ਧਾਰਨੀ ਹੈ। ਇਥੇ ਇਉਂ ਲਗਦਾ ਹੈ ਜਿਵੇਂ ਸੰਧੂ ਸਾਹਿਬ ਆਪ ਹੀ ਆਪਣੀ ਕਮਾਲ ਸਾਦਗੀ ਨਾਲ ਆਪਣੇ ਵਿਚਾਰਾਂ ਨੂੰ ਕੱਟ ਗਏ ਹਨ। ਉਰਦੂ ਵਾਲੇ ਅਜਿਹੇ ਮੌਕੇ ਤੇ ਹੀ ਕਹਿੰਦੇ ਹਨ 'ਲੋ ! ਆਪ ਆਪਨੇ ਦਾਮ ਮੇਂ ਸੱਯਾਦ ਆ ਗਿਆ'। ਗੁਰੂ ਜੀ ਨੇ ਆਪਣੇ ਇਨ੍ਹਾਂ ਵਾਕਾਂ ਦੁਵਾਰਾ ਤਿੰਨ-ਮੁਖੀ ਰਾਜਸੀ ਹਮਲਾ ਬੋਲੀ ਦੇ ਪੱਧਰ ਤੇ, ਕਵਿਤਾ ਦੇ ਪੱਧਰ ਤੇ ਕੀਤਾ ਹੈ। ਉਹ ਸ਼ਾਇਰ ਸਨ, ਲੋਕ-ਹਿਤੀ ਸ਼ਾਇਰ ਸਨ, ਉਨ੍ਹਾਂ ਦਾ ਸੂਖਮ ਹਿਰਦਾ ਇਹ ਕਹਿਰ ਦੇਖ ਕੇ ਚੁੱਪ ਨਹੀਂ ਸੀ ਰਹਿ ਸਕਦਾ। ਇਕ ਪਾਸੇ

ਓਹ ਰੱਬ ਨੂੰ ਗਿਲਾ ਕਰਦੇ ਹਨ 'ਏਤੀ ਮਾਰ ਪਈ ਕੁਰਲਾਣੈ ਤੈਂ ਕੀ ਦਰਦ ਨਾ ਆਇਆ', 'ਜੇ ਸਕਤਾ ਸਕਤੇ ਕੋ ਮਾਰੇ ਤਾਂ ਮਨ ਰੋਸ ਨਾ ਹੋਈ'। ਗੁਰੂ ਜੀ ਨੇ ਰੱਬ ਨੂੰ ਸ਼ਿਕਵਾ ਕੀਤਾ ਹੈ ਕਿ ਚੋਟ ਬਰਾਬਰ ਦੀ ਨਹੀਂ ਸੀ, ਜੇ ਸ਼ੀਂਹ ਵੱਗ (ਗਾਈਆਂ ਦੇ) ਨੂੰ ਮਾਰਨ ਪੈ ਜਾਵੇ ਤਾਂ ਗੱਲ ਇਨਸਾਫ ਦੀ ਨਹੀਂ ਹੁੰਦੀ। ਦੂਜੇ ਪਾਸੇ ਉਨ੍ਹਾਂ ਬਾਬਰ ਦੇ ਅਤਿਆਚਾਰ ਨੂੰ, ਉਸਦੇ ਕੀਤੇ ਆਕਰਮਣ ਨੂੰ, ਖੂਨ ਖਰਾਬੇ ਤੇ ਲੁੱਟ-ਖਸੁੱਟ ਨੂੰ ਨਿੰਦਿਆ ਹੈ, 'ਪਾਪ ਕੀ ਜੰਞ ਲੈ ਕਾਬਲੋਂ ਧਾਇਆ ਜੋਰੀ ਮੰਗੇ ਦਾਨ ਵੇ ਲਾਲੋ' ਆਖਿਆ ਹੈ। ਤੀਜੇ ਪਾਸੇ ਉਨ੍ਹਾਂ ਭਾਰਤ ਦੀ ਰਾਜ-ਸ਼੍ਰੇਣੀ ਨੂੰ ਦੋਵੀਂ ਹੱਥੀਂ ਲਿਆ ਹੈ, ਜਿੰਨ੍ਹਾਂ ਨੇ ਰੱਬ ਤਿਆਗਿਆ ਹੋਇਆ ਸੀ, ਜਨ ਸਾਧਾਰਨ ਦੀ ਸੇਵਾ ਨੂੰ ਭੁਲਾਕੇ ਐਸ਼-ਇਸ਼ਰਤ ਵਿਚ ਪਏ ਹੋਏ ਸਨ। ਰਾਜ-ਸ਼੍ਰੇਣੀ ਦੀ ਇਸਤਰੀ ਦੀ ਦੁਰਦਸ਼ਾ ਦਰਸਾਈ ਹੈ, 'ਮਹਿਲਾ ਅੰਦਰ ਹੋਦੀਆਂ', 'ਹੀ ਡੋਲੀ ਚੜ੍ਹ ਆਈਆਂ' ਹਾਥੀ ਦੰਦ ਦੇ ਚੂੜੇ ਪਹਿਨਦੀਆਂ, ਪੱਖੇ ਝੁਲਾਉਂਦੀਆਂ ਤੇ 'ਗਰੀ-ਛੁਹਾਰੇ ਖਾਂਦੀਆਂ', ਸ਼ਾਸ਼ਕ ਵਰਗ ਦੀਆਂ ਇਸਤਰੀਆਂ ਹੀ ਹੋ ਸਕਦੀਆਂ ਹਨ। ਸਾਧਾਰਨ ਮਜ਼ਦੂਰ ਸ਼੍ਰੇਣੀ ਦੀ ਇਸਤਰੀ ਨੂੰ ਇਹ ਸੁਖ ਕਿੱਥੇ ਪ੍ਰਾਪਤ ਸਨ ? ਸੋ ਉਸ ਅਮੀਰ ਕਾਬਜ਼ ਸ਼੍ਰੇਣੀ ਦੀ ਇਸਤਰੀ ਦੀ ਦੁਰਦਸ਼ਾ ਦਾ ਨਕਸ਼ਾ ਉਭਾਰ ਕੇ ਉਨ੍ਹਾਂ ਦਾ ਧਰਮ ਤੋਂ ਦੂਰ ਜਾਣ ਕਰਕੇ ਸਜ਼ਾ ਪਾਉਣਾ ਦਿਖਲਾਇਆ ਹੈ। ਗੁਰੂ ਨਾਨਕ ਦੇ ਇਸ ਸੰਸਾਰ ਵਿਚ ਆਗਮਨ ਤੇ ਉਸ ਸਮੇਂ ਦੀ ਸਮਾਜਕ ਤੇ ਰਾਜਸੀ ਦਸ਼ਾ ਨੂੰ ਚਿਤਰਦਿਆਂ ਭਾਈ ਗੁਰਦਾਸ ਨੇ ਆਖਿਆ ਹੈ, "ਕਲ ਕਾਤੀ ਰਾਜੇ ਕਾਸਾਈ ਧਰਮ ਪੰਖ ਕਰ ਉਡੱਰਿਆ।" ਸੋ ਗੁਰੂ ਸਾਹਿਬ ਦੀ ਇਸ ਬਾਣੀ ਦਾ ਇਕ ਇਕ ਅੱਖਰ ਇਸ ਸਮਾਜ-ਇਨਕਲਾਬੀ ਸ਼ਾਇਰ ਦੀ ਰਾਜਸੀ ਸੂਝ ਤੇ ਟਿੱਪਣੀ ਦਾ ਪ੍ਰਤੀਕ ਹੈ। 'ਬਾਬਰ ਬਾਣੀ' ਦੇ ਇਨ੍ਹਾਂ ਸ਼ਬਦਾਂ ਨੂੰ ਵੀ ਜੇ ਸੰਧੂ ਸਾਹਿਬ ਅਰਾਜਸੀ ਸਮਝਦੇ ਹਨ ਤਾਂ ਮੇਰੀ ਜਾਚੇ ਉਨ੍ਹਾਂ ਨੂੰ ਵਧੇਰੇ ਪੜ੍ਹਨ ਘੋਖਣ ਦੀ ਲੋੜ ਹੈ। ਕਹਿੰਦੇ ਹਨ ਗੁਰੂ ਜੀ ਨੇ ਬਾਬਰ ਦੀ ਕੈਦ ਵੀ ਕੱਟੀ ਤੇ ਇਹ ਹੈ ਵੀ ਸੱਚ। ਕੋਈ ਅਜਿਹਾ ਇਨਕਲਾਬੀ ਸਮਾਜ-ਸੁਧਾਰਕ ਬਾਬਰ ਜਿਹੇ ਜਰਵਾਣੇ ਦੇ ਆਤੰਕ ਤੋਂ ਬਚ ਵੀ ਕਿਵੇਂ ਸਕਦਾ ਸੀ। ਇਸ ਲਈ ਨਿਸ਼ਚੇ ਹੀ ਗੁਰੂ ਨਾਨਕ ਵਰਗਾ ਲੋਕ ਪ੍ਰਿਯ ਆਗੂ, ਬਾਬਰ ਦੇ ਹਾਕਮਾਂ ਨੇ ਰਾਜਸੀ ਤੌਰ ਤੇ ਖਤਰਾ ਸਮਝਕੇ ਹੀ ਜੇਲ੍ਹ ਵਿਚ ਸੁੱਟਿਆ ਹੋਵੇਗਾ।

ਸੰਧੂ ਸਾਹਿਬ ਪੱਛਮੀ ਪਾਕਿਸਤਾਨੀਆਂ ਹੱਥੋਂ ਪੂਰਬੀ ਪਾਕਿਸਤਾਨੀਆਂ ਦੇ ਖੂਨ ਚੂਸਣ ਦੀ ਗੱਲ ਕਰਦੇ ਹੋਏ, ਗੁਰਬਾਣੀ ਵਿਚੋਂ ਪਰਮਾਣ ਦਿੰਦੇ ਹਨ 'ਜੇ ਰੱਤ ਲੱਗੈ ਕਪੜੇ ਜਾਮਾ ਹੋਇ ਪਲੀਤ, ਜੋ ਰੱਤ ਪੀਵਹਿ ਮਾਨਸਾ ਤਿਨ ਕਿਉ ਨਿਰਮਲ ਚੀਤ"। ਗੁਰੂ ਜੀ ਨੇ ਇਨ੍ਹਾਂ ਸਤਰਾਂ ਰਾਹੀਂ ਸਥਾਪਤ ਰਾਜਸੀ ਪ੍ਰਬੰਧ ਦੀ

→


**Bhambra Construction Co. Ltd.**

— ਸਪੈਸ਼ਲ ਸੇਵਾਵਾਂ —

— ਘਰਾਂ ਦੀ ਉਸਾਰੀ ਦੇ ਕੰਮਾਂ ਦੇ ਮਾਹਿਰ —

ਨੀਂਹਾਂ, ਫਰੇਮਿੰਗ, ਫਿਨਸ਼ਿੰਗ, ਘਰਾਂ 'ਚ ਵਧਾਰਾ ਕਰਨਾ, ਕਸਟਮ ਘਰਾਂ ਦੇ ਸਪੈਸ਼ਲਿਸਟ

ਕੰਮ ਦੀ ਗਰੰਟੀ ਤੇ ਫ਼ਰੀ ਐਸਟੀਮੇਟ

ਫ਼ੋਨ ਕਰੋ :

ਅਮਰੀਕ 859-3617

— SPECIALIZING IN —

Foundations, Framing, Finishing, Housing Additions,

Also Specializing in CUSTOM HOMES

GUARANTEED WORK & FREE ESTIMATES

call:

AMRIK 859-3617

# ਵੈਂਡਰਜ਼ਾਮ ਸਰਕਾਰ ਕੁਝ ਦਿਨਾਂ ਦੀ ਪਰਾਹੁਣੀ

ਵਿਕਟੋਰੀਆ — ਬੀ. ਸੀ. ਦੀ ਸੋਕਰਡ ਸਰਕਾਰ ਵਿਚ ਅੰਦਰੂਨੀ ਖਾਨਾਜੰਗੀ ਸ਼ੁਰੂ ਹੋ ਗਈ ਹੈ ਜਿਸ ਵਿਚ ਪਿਛਲੇ ਦਿਨੀਂ ਦੋ ਵਜ਼ੀਰਾਂ ਗਰੇਸ ਮਕਾਰਥੀ ਤੇ ਬਰਾਇਨ ਸਮਿੱਥ ਨੇ ਅਸਤੀਫੇ ਦੇ ਦਿੱਤੇ ਹਨ। 44-ਮੈਂਬਰੀ ਸੋਕਰਡ ਵਿਧਾਇਕ ਦਲ ਵਿਚੋਂ ਪ੍ਰੀਮੀਅਰ ਨੇ 22 ਨਵੇਂ ਮੰਤਰੀ ਨਿਯੁਕਤ ਕਰ ਦਿੱਤੇ ਹਨ।

ਆਸ ਕੀਤੀ ਜਾਂਦੀ ਹੈ ਕਿ ਅਕਤੂਬਰ ਤੱਕ ਪ੍ਰੀਮੀਅਰ ਵੈਂਡਰਜ਼ਾਮ ਦਾ ਬਿਸਤਰਾ ਗੋਲ ਹੋ ਜਾਵੇਗਾ।

# ਰਿਆਤ ਦਾ ਫੈਸਲਾ ਜਲਦੀ

ਲੰਡਨ — ਇੰਦਰਜੀਤ ਸਿੰਘ ਰਿਆਤ ਜੋ ਪਹਿਲਾਂ ਡੰਕਨ ਦਾ ਰਹਿਣ ਵਾਲਾ ਹੈ, ਉਸ ਉਤੇ ਕੈਨੇਡਾ ਸਰਕਾਰ ਨੇ ਕਥਿਤ ਦੋਸ਼ ਲਾਇਆ ਹੈ ਕਿ ਸੀ. ਪੀ. ਏਅਰ ਦੇ ਧਮਾਕੇ ਵਿਚ ਉਸ ਦਾ ਹੱਥ ਹੈ। ਉਸਦੀ ਕਾਰਵਾਈ ਲੰਡਨ ਕੋਰਟ ਵਿਚ ਜਾਰੀ ਹੈ।

ਰਿਆਤ ਦੇ ਕੇਸ ਦੀ ਪੈਰਵੀ ਹਰਜੀਤ ਸਿੰਘ ਵਕੀਲ ਕਰ ਰਿਹਾ ਹੈ ਜਦ ਕਿ ਕੈਨੇਡਾ ਸਰਕਾਰ ਵਲੋਂ ਕੱਲ੍ਹ ਇਕ ਪ੍ਰੋਫੈਸਰ ਰੌਬਿਨਸਨ ਨੂੰ ਗਵਾਹ ਪੇਸ਼ ਕੀਤਾ ਗਿਆ ਜਿਸਨੇ ਕਿਹਾ ਕਿ ਇਸ ਕੇਸ ਵਿਚ ਰਿਆਤ ਦਾ ਹੱਥ ਹੈ। ਇਸ ਲਈ ਰਿਆਤ ਨੂੰ ਕੈਨੇਡਾ ਭੇਜਿਆ ਜਾਣਾ ਚਾਹੀਦਾ ਹੈ।

ਅਗਲੇ ਹਫ਼ਤੇ ਤੱਕ ਫੈਸਲਾ ਹੋਣ ਦੀ ਆਸ ਹੈ।

# ਕੀ ਤੁਹਾਨੂੰ ਪਤਾ ਹੈ ?

ਕੀ ਤੁਹਾਨੂੰ ਪਤਾ ਹੈ ਕਿ ਸਰੀ ਪਬਲਿਕ ਲਾਇਬਰੇਰੀ ਦੇ ਕੋਲ ਆਪ ਜੀ ਵਾਸਤੇ ਬਹੁਤ ਸਾਰੀਆਂ ਕਿਤਾਬਾਂ, ਮੈਗਜ਼ੀਨ, ਅਖਬਾਰਾਂ ਹਨ। ਪੰਜਾਬੀ ਅਤੇ ਹੋਰ ਵੀ ਕਈ ਜ਼ਬਾਨਾਂ ਵਿਚ।

ਇਹ ਕਿਤਾਬਾਂ ਤੁਹਾਨੂੰ ਮਲਟੀ ਲਿਗੂਆਲ ਦੇ ਸੈਕਸ਼ਨ ਵਿਚੋਂ ਮਿਲ ਸਕਦੀਆਂ ਹਨ। 10347—135 ਸਟਰੀਟ (588-5951) ਵਾਲੀ ਵੈਲੀ ਬਰਾਂਚ ਵਿਚ ਸਭ ਤੋਂ ਜ਼ਿਆਦਾ ਕਿਤਾਬਾਂ ਹਨ ਤੇ ਹੋਰ ਗਿਲਫਰਡ, ਨਿਊਟਨ ਤੇ ਕਲਾਵਰਡੇਲ ਵਿਚ ਵੀ ਹਨ।

ਲਾਇਬਰੇਰੀ ਦਾ ਕਾਰਡ ਹਾਸਲ ਕਰਨ ਲਈ ਤੁਸੀਂ ਕਿਸੇ ਵੀ ਲਾਇਬਰੇਰੀ ਤੋਂ ਮੁਫਤ ਸਿਰਫ ਇਕ ਆਈ. ਡੀ. ਦਿਖਾ ਕੇ ਹਾਸਲ ਕਰ ਸਕਦੇ ਹੋ। ਆਈ. ਡੀ. ਤੇ ਘਰ ਦਾ ਸਿਰਨਾਮਾ ਜ਼ਰੂਰੀ ਹੈ।

ਹੋਰ ਤੁਹਾਨੂੰ ਲਾਇਬਰੇਰੀ ਵਿਚ ਨਿਆਣਿਆਂ ਵਾਸਤੇ ਕਿਤਾਬਾਂ ਵੀ ਮਿਲ ਸਕਦੀਆਂ ਹਨ ਤੇ ਨਿਆਣਿਆਂ ਵਾਸਤੇ ਅੰਗਰੇਜ਼ੀ ਸਿਖਣ ਲਈ ਵੀ ਕਿਤਾਬਾਂ ਹਨ ਤੁਸੀਂ ਜ਼ਰੂਰ ਆਕੇ ਇਸਦਾ ਫਾਇਦਾ ਉਠਾਉ।

→

ਖਸਲਤ ਦਾ ਪਾਜ ਉਘੇੜਦਿਆਂ ਤੇ ਧਾਰਮਕ ਪਖੋਂ ਉਨ੍ਹਾਂ ਨੂੰ ਹੀਣੇ ਸਿੱਧ ਕਰਨ ਹੇਤੂ ਹੀ ਕਿਹਾ ਹੈ ਕਿ ਮਨੁੱਖ ਦਾ ਲਹੂ ਪੀਣ ਵਾਲਿਆਂ ਦਾ ਹਿਰਦਾ ਕਿਵੇਂ ਨਿਰਮਲ ਤੇ ਪਵਿਤਰ ਹੋ ਸਕਦਾ ਹੈ ? ਜ਼ਾਹਰ ਹੈ ਕਿ ਉਸ ਸਮੇਂ ਦਾ ਜਾਂ ਅੱਜ ਦਾ ਸਥਾਪਤ ਵਰਗ ਮਨੁੱਖ ਦਾ ਲਹੂ ਚੂਲੀਆਂ ਭਰਕੇ ਤਾਂ ਪੀਂਦਾ ਨਹੀਂ। ਉਨ੍ਹਾਂ ਦਾ ਇਸ਼ਾਰਾ ਸ਼ਾਸਕ-ਵਰਗ ਹੱਥੋਂ ਜਨ-ਸਾਧਾਰਨ ਦੀ ਲੁੱਟ-ਖਸੁੱਟ ਵੱਲ ਹੀ ਹੈ। ਗੁਰੂ ਨਾਨਕ ਤੇ ਉਨ੍ਹਾਂ ਤੋਂ ਲੈ ਕੇ ਹੁਣ ਤੱਕ ਸਾਰੇ ਲੋਕ-ਹਿਤੈਸ਼ੀ ਕਵੀ ਇਸੇ ਸੁਰ ਵਿਚ ਹੀ ਗਾਉਂਦੇ ਆਏ ਹਨ। ਉਰਦੂ ਦਾ ਮਸ਼ਹੂਰ ਸ਼ਾਇਰ ਨਰੇਸ਼ ਕੁਮਾਰ 'ਸ਼ਾਦ' ਕਹਿੰਦਾ ਹੈ, 'ਸ਼ਰਾਬ ਪੀਨੇ ਸੇ ਲੋਗੋਂ ਕੋ ਰੋਕਨੇ ਵਾਲੋ, ਲਹੂ ਕਾ ਪੀਨਾ ਤੋਂ ਪਹਿਲੇ ਹਰਾਮ ਕਰੋ।' ਕੋਈ ਅਲੋਕਾਰ ਨਹੀਂ ਕਿ ਗੁਰੂ ਨਾਨਕ ਵਰਗਾ ਮਹਾਨ ਇਨਕਲਾਬੀ ਕਵੀ ਰਾਜ ਸੱਤਾ ਹਥਿਆਕੇ ਜਨ-ਸਧਾਰਨ ਦਾ ਆਰਥਕ ਸ਼ੋਸ਼ਣ ਕਰਨ ਵਾਲੀਆਂ ਤਾਕਤਾਂ ਨੂੰ ਆਪਣੀ ਬਾਣੀ ਰਾਹੀਂ ਵੰਗਾਰਦਾ ਤੇ ਲਲਕਾਰਦਾ ਹੋਇਆ ਸਥਾਪਤ ਰਾਜਸੀ ਵਰਗ ਨੂੰ 'ਰਾਜੇ ਸ਼ੀਂਹ ਮੁਕੱਦਮ ਕੁੱਤੇ' ਤੱਕ ਕਹਿ ਦਿੰਦਾ ਹੈ। ਮੇਰੀ ਧਾਰਨਾ ਹੈ ਕਿ ਗੁਰਬਾਣੀ ਕੇਵਲ ਰਾਜਸੀ ਹੀ ਨਹੀਂ, ਇਨਕਲਾਬੀ ਵੀ ਹੈ ਤੇ ਅਜਿਹੇ ਲੋਟੂ ਸਮਾਜ ਵਿਰੁੱਧ ਇਕ ਲਲਕਾਰ ਤੇ ਵੰਗਾਰ ਹੈ ਜਿਸਦੇ ਰਾਜੇ 'ਸ਼ੀਹਾਂ' ਵਾਂਗ ਤੇ 'ਮੁਕੱਦਮ' ਕੁੱਤਿਆਂ ਵਾਲਾ ਵਿਹਾਰਜਨ—ਸਾਧਾਰਨ ਨਾਲ ਕਰਦੇ ਹਨ।

# "ਕੈਨੇਡਾ ਦਰਪਣ" ਵਲੋਂ ਪੰਜ ਦਰਿਆ ਕਲਚਰਲ ਟਰੁੱਪ ਦਾ ਸਨਮਾਨ



ਪੰਜ ਦਰਿਆ ਕਲਚਰਲ ਟਰੁੱਪ ਦੇ ਕਲਾਕਾਰ : ਰਮਾ ਵਿਜ, ਦਲਜੀਤ ਕੌਰ, ਜਗਜੀਤ, ਸਰੂਪ ਪਰਿੰਦਾ ਤੇ ਨਾਲ ਹਨ ਗਾਇਕਾ ਰਣਜੀਤ ਕੌਰ।



ਜਸਪਾਲ, ਸਾਧੂ, ਦੀਦਾਰ ਸੰਧੂ, ਜਗਜੀਤ, ਹਰੀਪਾਲ, ਰਾਮਪੁਰੀ, ਪ੍ਰਕਾਸ਼, ਦਰਸ਼ਨ ਗਿੱਲ।



ਤਿੰਨ ਕਲਾਕਾਰ : ਦੀਦਾਰ ਸੰਧੂ, ਮੁਹੰਮਦ ਸਦੀਕ, ਕਰਮਜੀਤ ਗਰੇਵਾਲ ਨਾਲ ਪੰਜਾਬੀ ਲੇਖਕ ਮੰਚ ਦੇ ਕੋਆਰਡੀਨੇਟਰ ਮੰਗਾ ਸਿੰਘ


S. & S. INSURANCE

6658 Main St. Vancouver

ਪੰਜਾਬੀ ਮਾਰਕਿਟ ਵਿਚ ਸਭ ਤੋਂ ਪਹਿਲਾ ਤੇ ਭਰੋਸੇਯੋਗ ਇੰਨਸ਼ੋਰੈਂਸ ਦਫਤਰ

ਇੰਨਸ਼ੋਰੈਂਸ ਦੇ ਰੇਟ ਤਾਂ ਹਰ ਥਾਂ ਇਕੋ ਹੀ ਹਨ ... ਪਰ ਫ਼ਰਕ ਦੋਸਤੀ ਭਰੇ ਮਾਹੌਲ ਦਾ ਹੈ ... ਤੇ ਉਹ ਦੋਸਤੀ ਭਰੀ ਸੇਵਾ ਤੁਹਾਨੂੰ S & S Insurance ਤੋਂ ਹੀ ਮਿਲ ਸਕਦੀ ਹੈ। ਆਪਣੇ ਘਰਾਂ ਤੇ ਕਾਰਾਂ ਦੀ ਇੰਨਸ਼ੋਰੈਂਸ ਨਵੇਂ ਸਿਰਿਓਂ ਕਰਾਉਣ ਲਈ ਅੱਜ ਹੀ ਮਿਲੋ



ਦਲਜੀਤ ਸਿੰਘ ਸਿੱਧੂ

autoplan

RENEW EARLY INSURANCE

* FINANCING AVAILABLE
* SAFE DRIVING DISCOUNT (if eligible)

Ph. 324-5711




# RAJA ENTERTAINERS

PROUDLY PRESENTS

# GURDAS MANN NITE

**WITH HINDI & PUNJABI MOVIES' COMEDIAN RAJINDER NATH & MANY MORE**




* ਪੰਜਾਬ ਦੇ ਮਸ਼ਹੂਰ ਤੇ ਹਰਮਨ ਪਿਆਰੇ ਗਾਇਕ ਅਤੇ ਪੰਜਾਬੀ ਫਿਲਮਾਂ ਦੇ ਹੀਰੋ ਗੁਰਦਾਸ ਮਾਨ ਪੰਜਾਬੀ ਤੇ ਹਿਦੀ ਫਿਲਮਾਂ ਦੇ ਮਸ਼ਹੂਰ ਕਮੇਡੀਅਨ ਰਜਿੰਦਰ ਨਾਥ ਨਾਲ ਆਪਣੀ ਪੂਰੀ ਟੀਮ ਨਾਲ ਤੁਹਾਡੇ ਸ਼ਹਿਰ ਵੈਨਕੂਵਰ ਵਿੱਚ 31 ਜੁਲਾਈ ਐਤਵਾਰ ਨੂੰ 6 : 30 ਵਜੇ ਤੁਹਾਡਾ ਮਨੋਰੰਜਨ ਕਰਨ ਆ ਰਹੇ ਹਨ । ਇਹ ਇਕ ਨਾ ਭੁਲਣ ਵਾਲਾ ਪਰਵਾਰਕ ਸ਼ੋਅ ਹੋਵੇਗਾ ।

* ਸਕਿਉਰਟੀ ਦਾ ਖਾਸ ਪ੍ਰਬੰਧ ਹੋਵੇਗਾ । * ਬੀ. ਸੀ. ਵਿਚ ਸਿਰਫ ਇੱਕੋ ਇੱਕ ਸ਼ੋਅ ਹੋਵੇਗਾ ।

## Biggest Punjabi Show

## On Sunday July 31/88 at 6:30 p.m.

## AT QUEEN ELIZABETH THEATRE

**649 CAMBIE ST., VANCOUVER, B.C.**

## Tickets : $10, $15, $20, $25

For more information :

Parkat Lehal 435-1593 Ranjit Walia 321-8025

Raji or Maninder Gill 591-6587

**TICKETS AVAILABLE AT:**

- Mann Music & Videos : Ph. 321-6667
- Tasleem Video : Ph. 873-2132
- Goyal Video : Ph. 877-7778
- Aman Video Delta & 588-4551
- Amar Foods, Clearbrook : Ph. 853-6458
- Video Shop : Ph. 321-1333
- Singh Video : Ph. 325-0040
- Asian Video : Ph. 589-3553
- Paramount Video : Ph. 584-5668
- English Fish & Chips : Ph. 584-4711

ਵੈਨਕੂਵਰ ਵਿਚ ਭਾਰਤੀਆਂ
ਦਾ ਫਰਨੀਚਰ ਸਟੋਰ

# ਰੌਇਲ ਫਰਨੀਚਰ ਲਿਮਿਟਿਡ

ROYAL new-used FURNITURE

2607 ਮੇਨ ਸਟਰੀਟ, ਵੈਨਕੂਵਰ, ਬੀ. ਸੀ.

**Ph. 874-9525**

ROYAL
HIGH IN
QUALITY
LOWEST
IN
PRICES

# SUPER SUMMER SALE

at

## Your Neighbourhood Furniture Bargain Centre



3 Pc. Sofa Chair & Love Seat

**$1295**

Our low Prices Do not Reflect Any Compromise in Quality

"Compare Before You Buy"

Everything Must Sell



Sofa, Chair, Love Seat **$999**



## WE HAVE GOT:

* Wide variety in Dining room suites and Dinnets.
* Bedroom suites in PINE and SOLID OAK at factory wholesale prices.
* Best selection in SOFA SETS, CHESTER FIELD and HID-A-BED.
* All type of Mattresses by Brand Name—SEALY, GRANGE, RESTONIC, SIMMONS and POSTURE BEAUTY.
* YOU NAME IT AND WE GOT IT.



**SAVE UP TO 50% ON MATTRESS SETS!**

POSTURE BEAUTY

| 39" Twin Set | 54" Double Set | 60" Queen Set |
|---|---|---|
| $139 Both Pcs. | $169 Both Pcs. | $239 Both Pcs. |

SEALY

| 39" Twin Set | 54" Double Set | 60" Queen Set |
|---|---|---|
| $229 Both Pcs. | $289 Both Pcs. | $329 Both Pcs. |

RESTONIC

| 39" Twin Set | 54" Double Set | 60" Queen Set |
|---|---|---|
| $199 Both Pcs. | $279 Both Pcs. | $299 Both Pcs. |

# WE WILL BEAT ANY PRICE BY 5%



All 7 Pc. Complete

**$549.00**

ਅਸੀਂ ਕਿਸੇ ਦੀ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ 5% ਨਾਲ ਬੀਟ ਕਰਾਂਗੇ!

LOWEST PRICES GUARANTEED

# ROYAL FURNITURE LTD.

2607 MAIN STREET (at 10th. AVE.), VANCOUVER, B.C.

TEL. 874-9525

VISA MasterCard

MASTER CARD VISA ACCEPTED

# ਰਵੀ-ਮੰਡਲ ਦਾ ਕੂੜ ਨਿਖੁੱਟ ਗਿਆ



ਸੂਫ਼ੀ ਅਮਰਜੀਤ

ਰਵੀ-ਮੰਡਲ ਬਾਰੇ ਜੋ ਵਿਵਾਦ ਪਿਛਲੇ ਸਮੇਂ ਵਿਚ ਚੱਲਿਆ, ਉਸ ਦਾ ਸੰਖੇਪ ਇਹ ਹੈ ਕਿ ਮੈਂ ਰਵੀ-ਲਿਖਤ "ਤੈਂ ਕੀ ਦਰਦ ਨਾ ਆਇਆ" ਦੀ ਚੀਰਫਾੜ ਕਰਕੇ ਇਹ ਸਿੱਧ ਕੀਤਾ ਕਿ ਰਵੀ, ਪੰਜਾਬ ਵਿਚ ਦੇ ਵੱਖਵਾਦੀਆਂ-ਅਤਿਵਾਦੀ ਖਾਲਿਸਤਾਨੀਆਂ ਦੀ, ਬੇਗੁਨਾਹ ਲੋਕਾਂ ਦੀ ਕਤਲੋ ਗਾਰਤ ਨੂੰ ਦਰੁਸਤ ਠਹਿਰਾਉਂਦਾ ਹੈ। ਉਸ ਦੇ ਇਸ ਲੁਕੇ ਭਾਵ ਨੂੰ ਨੰਗਾ ਕਰਨ ਉਪਰ ਰਵੀ-ਮੰਡਲ ਕਰੋਧ ਨਾਲ ਪਾਗਲ ਹੋ ਗਿਆ। ਉਨ੍ਹਾਂ ਬੇਦਲੀਲ, ਅਨੈਤਿਕ ਅਤੇ ਥੋਥੀ ਬਕੜਵਾਹ ਦੇ ਊਲ ਜਲੂਲ ਨਾਲ ਉਤਰ ਦੇ ਕੇ ਮਸਲੇ ਨੂੰ ਗੰਧਲਾ ਕਰਨ ਦਾ ਯਤਨ ਕੀਤਾ।

ਇਸ ਵਿਵਾਦ ਵਿਚ ਸੂਰਮਾ ਰਵੀ, ਵੈਸੇ ਤਾਂ ਚੁੱਪ ਨਹੀਂ ਰਿਹਾ, ਕਿਉਂਕਿ ਉਸ ਨੇ ਆਪ ਆਪਣੇ ਨਾਂ ਹੇਠ ਕੁਝ ਵੀ ਨਾ ਲਿਖਕੇ, ਆਪਣੀ ਅਖੌਤੀ ਵੱਡੇ ਲੇਖਕ ਦੀ ਉਚਿਤਾ ਨੂੰ ਕਾਇਮ ਰੱਖਿਆ ਇਹ ਉਸ ਦੀ ਵੱਡਿਤਣ ਨਹੀਂ, ਸਗੋਂ ਅਤਿ ਦੀ ਘਟੀਆ ਹਰਕਤ ਸੀ। ਘਟੀਆ ਇਸ ਲਈ ਕਿ ਚਰਨ, ਮੀਤ ਅਤੇ 'ਰਵੀ-ਨਾਟਕ' ਵਿਚ ਜੋ ਵੀ ਲਿਖਿਆ, 'ਰਵੀ' ਉਸ ਸਭ ਕੁਝ ਵਿਚ ਘੁੰਡ ਕੱਢੀ ਬੈਠਾ ਖਸਿਆਨੀ ਹਾਸਾ ਹਸਦਾ ਨਜ਼ਰ ਆ ਜਾਂਦਾ ਹੈ। ਉਹ ਲੁਕਣ ਤੋਂ ਅਸਮਰਥ ਹੈ। ਚਰਨ—ਮੀਤ ਦੇ ਨਾਂ ਹੇਠ ਲਿਖੇ ਪਹਿਰਿਆਂ ਵਿਚ, ਚਰਨ—ਮੀਤ ਦਾ ਨਾਂ ਲਿਖ ਦੇਣ ਨਾਲ, ਉਸ ਦੀਆਂ ਘਟੀਆ ਚਿਕੜ-ਲਿਖਤਾਂ ਦਾ ਇਤਬਾਰ ਉਨ੍ਹਾਂ ਦੇ ਨਾਂ ਨਹੀਂ ਹੋ ਜਾਂਦਾ। ਚਰਨ—ਮੀਤ ਅਤੇ ਰਵੀ ਨਾਟਕ ਵਿਚ 'ਤ. ਸ. ਹੇਅਰ' ਦਾ ਪਾਤਰ, ਜੋ ਕੁਝ ਲਿਖਦੇ ਕਹਿੰਦੇ ਹਨ, ਉਹ ਤਾਂ ਸਿਰਫ ਰਵੀ ਦੀ ਲਿਖਤ ਦੇ ਮਤਵੰਨੇ ਹੀ ਹਨ। ਇਸੇ ਲਈ ਇਹ ਚੁਸਤ, ਹਿੰਮਤੀ ਰਵੀ-ਮੰਡਲ ਦਾ ਰੂਪ ਧਾਰ ਲੈਂਦੇ ਹਨ।

ਯੂਨਾਨ ਦੇ ਮਹਾਨ ਫਿਲਾਸਫ ਸੁਕਰਾਤ 'ਰੀਪਬਲਿਕ' ਵਿਚ ਕਹਿੰਦੇ ਹਨ: **"ਫਿਰ ਸ਼ਰਾਬ ਦੇ ਪ੍ਰੇਮੀਆਂ ਦਾ ਕੀ ਹਾਲ ਹੈ? ਉਹ ਵੀ ਇਹੋ ਕਰਦੇ ਹਨ ਕਿ ਭਾਵੇਂ ਕਿਸੇ ਤਰ੍ਹਾਂ ਦੀ ਸ਼ਰਾਬ ਹੋਵੇ, ਉਸ ਨੂੰ ਖੁਸ਼ੀ-ਖੁਸ਼ੀ ਪੀਣ ਲਈ ਹਰ ਤਰ੍ਹਾਂ ਦਾ ਬਹਾਨਾ ਲੱਭ ਲੈਣਗੇ।"**

**"ਇਹੋ ਹਾਲਤ ਹਿੰਮਤੀ ਲੋਕਾਂ ਦੀ ਹੈ। (ਹਿੰਮਤੀ ਸ਼ਬਦ ਵਿਅੰਗ ਨਾਲ ਕਿਹਾ ਹੈ) ਪੂਰੀ ਫੌਜ ਦੀ ਕਮਾਨ ਨਹੀਂ ਮਿਲੀ ਤਾਂ ਇਕ ਕੰਪਨੀ ਦੀ ਹੀ ਸਹੀ। ਜੇ ਸ੍ਰੇਸ਼ਠ ਅਤੇ ਸਨਮਾਨਿਤ ਵਿਅਕਤੀ ਇਹਨਾਂ ਦਾ ਆਦਰ ਨਹੀਂ ਕਰਦੇ, ਤਾਂ ਨੀਵੀਂ ਸ਼੍ਰੇਣੀ ਦੇ ਨੀਚ ਲੋਕਾਂ ਤੋਂ ਵੀ ਪ੍ਰਸ਼ੰਸਾ ਕਰਵਾ ਕੇ ਖੁਸ਼ ਹਨ। ਬਸ, ਭਾਵ ਇਹ ਕਿ ਕਿਸੇ ਨਾ ਕਿਸੇ ਤਰ੍ਹਾਂ ਦੀ ਇੱਜ਼ਤ ਜ਼ਰੂਰ ਮਿਲ ਜਾਏ।"**

ਇਹੋ ਕੁਝ ਰਵੀ ਮੰਡਲ ਇਕ ਦੂਜੇ ਪ੍ਰਤੀ ਹੈ। ਰਵੀ-ਨਾਟਕ ਇਸ ਦੀ ਪਰਤੱਖ ਉਦਾਹਰਨ ਹੈ। ਸਾਰੇ ਵਿਵਾਦ ਦਾ ਨਤੀਜਾ ਇਹ ਨਿਕਲਦਾ ਹੈ:

1. ਰਵੀ-ਮੰਡਲ ਅਤੇ ਇਕ ਟਰਾਂਟੋ ਦਾ ਪੰਖੇਰੂ ਵਲੋਂ ਪੰਜਾਬੀ ਲੇਖਕ ਮੰਚ ਵੈਨਕੂਵਰ ਦੀ 1987 ਵਿਚ ਦੀ ਪਹਿਲੀ ਕੈਨੇਡੀਅਨ ਪੰਜਾਬੀ ਕਾਨਫਰੰਸ ਦੀ ਸਫਲਤਾ ਨੂੰ ਅਸਫਲਤਾ ਵਿਚ ਬਦਲਣ ਲਈ ਕੀਤਾ ਕੂੜ-ਪਰਚਾਰ ਵਿਅਰਥ ਸਿੱਧ ਹੋਇਆ। ਮੰਚ ਦੇ ਮੈਂਬਰਾਂ ਨੂੰ ਬਦਨਾਮ ਕਰਨ ਦੀ ਘਟੀਆ ਸਾਜ਼ਸ਼ ਚੌਪਟ ਹੋ ਗਈ ਹੈ। ਮੰਚ ਦੀ ਕਾਨਫਰੰਸ ਤੋਂ ਪਹਿਲਾਂ ਰਵੀ-ਮੰਡਲ ਦੀ ਫਿਰਕੂ-ਪਰਚੇ ਦੇ ਜ਼ੋਰ ਕੀਤੀ ਬੈਕਟ-ਕਾਨਫਰੰਸ ਵੀ ਇਸ ਸਾਜ਼ਸ਼ ਦਾ ਹਿੱਸਾ ਸਿੱਧ ਹੋਈ ਹੈ।

2. ਰਵੀ-ਮੰਡਲ ਦੀ ਪੰਜਾਬ ਵਿਚ ਬੇਗੁਨਾਹ ਲੋਕਾਂ ਦੇ ਕਾਤਲਾਂ ਨਾਲ ਅਤੇ ਖਾਲਿਸਤਾਨ ਦੀ ਵੱਖਵਾਦੀ ਲਹਿਰ ਨਾਲ ਸਮਰਥਨ ਅਤੇ ਹਮਦਰਦੀ ਸਿੱਧ ਹੋਏ ਹਨ।

3. ਫਿਰਕੂ ਪਰਚੇ ਦੀ 'ਕੁਚਲਿਆਂ ਦੀ ਪੱਤਰ-ਕਾਰੀ' ਬਾਰੇ ਜੋ ਰਵੀ-ਨਾਟਕ ਵਿਚ ਆਦਰਸ਼ਕ ਜ਼ਿਕਰ ਹੈ, ਉਹ ਸਿਰਫ ਕਾਲਪਨਿਕ ਹੀ ਹੈ ਉਸ ਦਾ ਅਸਲੀਅਤ ਨਾਲ ਕੋਈ ਵੀ ਜੋੜ ਨਹੀਂ ਹੈ। ਅਸੀਂ ਜੋ ਫਿਰਕੂ-ਜਨੂੰਨ ਵਿਰੁਧ, ਕੁਚਲਿਆਂ ਦੀ ਪੱਤਰ-ਕਾਰੀ ਵਿਰੁਧ ਹਾਂ, ਉਹ ਤਾਂ ਸਪਸ਼ਟ ਹੀ ਹੈ। ਜਿਨ੍ਹਾਂ ਦੇ ਸਮਰਥਨ - ਪਰਚਾਰ ਲਈ, ਇਹ ਕੁਚਲਾ-ਪੱਤਰਕਾਰੀ ਕੀਤੀ ਜਾ ਰਹੀ ਸੀ ਅਤੇ ਹੈ। ਭਾਵ ਖਾਲਿਸਤਾਨੀਆਂ ਅਤੇ 'ਸਿੱਖ ਕੌਮ' ਦੇ ਹੱਕ ਵਿਚ ਉਨ੍ਹਾਂ ਵੀ ਇਸ ਨੂੰ ਖਾਲਿਸਤਾਨ ਵਿਰੋਧੀ ਅਤੇ ਸਿੱਖ ਧਰਮ ਵਿਰੋਧੀ ਕਰਾਰ ਦੇ ਦਿੱਤਾ ਹੈ। ਫਿਰ ਇਹ ਕੁਚਲਿਆਂ ਦੀਆਂ ਗੁਥਲੀਆਂ ਰੂੜੀ ਦੇ ਢੇਰ ਨੂੰ ਵੱਡਾ ਕਰਨ ਲਈ ਹੀ ਸਿੱਧ ਹੋਈਆਂ ਹਨ।

4. ਟਹਿਲ ਸੇਵਾ ਨਾਲ ਅਤੇ 'ਹਿੰਮਤ' ਨਾਲ ਲਿਖਾਏ 'ਸਪਾਰਸ਼ੀ-ਸਪਲੀਮੈਂਟ' ਰਵੀ ਨੂੰ ਇਕ ਵੱਡਾ ਲੇਖਕ ਸਿੱਧ ਕਰਨ ਵਿਚ ਸਹਾਇਕ ਹੋਣੋ ਇਸ ਤਰ੍ਹਾਂ ਹੀ ਰਹਿ ਗਿਆ ਹੈ ਜਿਵੇਂ ਇਕ ਦਿਸਣ ਨੂੰ ਤਕੜਾ ਬਲਦ, ਥੋੜਾ ਜਿੰਨਾ ਭਾਰ ਪੈਣ ਉਪਰ ਹੀ, ਗੱਡਾ ਲੈ ਕੇ ਚਿੱਕੜ ਵਿਚ ਬੈਠ ਜਾਂਦਾ ਹੈ।

5. ਮੇਰੇ ਪ੍ਰਤੀ ਜੋ ਸ਼ੁਭ ਵਿਚਾਰ, ਰਵੀ-ਮੰਡਲ ਨੇ ਪ੍ਰਗਟ ਕੀਤੇ ਹਨ, ਵੈਨਕੂਵਰ ਦੇ ਪਾਠਕ ਜੋ ਮੇਰੇ ਵਿਚਾਰਾਂ ਦੇ ਨਹੀਂ ਵੀ ਸਨ, ਮੇਰੀਆਂ ਲਿਖਤਾਂ ਨਾਲ ਸਹਿਮਤ ਨਾ ਹੁੰਦੇ ਹੋਏ ਵੀ ਸਾਲਾਂ ਤੋਂ ਪੜ੍ਹ ਰਹੇ ਸਨ, ਬਾਰੇ ਪੜ੍ਹਕੇ ਜਿਸ ਨਤੀਜੇ ਉਪਰ ਪੁਜੇ ਹਨ, ਮੈਂ ਉਨ੍ਹਾਂ ਦਾ ਸ਼ੁਕਰਗੁਜ਼ਾਰ ਹਾਂ ਕਿ ਰਵੀ-ਮੰਡਲ ਦੇ ਮੇਰੇ ਉਪਰ ਸੁਟੇ ਚਿੱਕੜ ਨੂੰ, ਉਨ੍ਹਾਂ ਮੁੜ ਰਵੀ-ਮੰਡਲ ਦੇ ਮੂੰਹ ਉਪਰ ਹੀ ਮਲਿਆ ਹੈ। (ਵੈਨਕੂਵਰ, ਕੈਲਗਰੀ, ਟੈਰਸ, ਐਡਮਿੰਟਨ, ਸੁਕਾਮਿਸ਼ ਆਦਿ ਤੋਂ ਪ੍ਰਾਪਤ ਹੋਏ ਪ੍ਰਭਾਵ)

ਰਵੀ-ਮੰਡਲ ਅਤੇ ਫਿਰਕੂ ਪਰਚੇ ਬਾਰੇ ਪਾਠਕਾਂ ਦੇ ਭੁਲੇਖੇ ਦੂਰ ਹੋਏ ਹਨ, ਉਹ ਇਨ੍ਹਾਂ ਦੇ ਅਸਲੀ ਰੂਪ ਦੀ ਕਰੂਪਤਾ ਨੂੰ ਚੰਗੀ ਤਰ੍ਹਾਂ ਦੇਖ ਸਕੇ ਹਨ।

6. ਮੈਂ ਇਸ ਵਾਦ-ਵਿਵਾਦ ਨੂੰ ਇਥੇ ਬੰਦ ਕਰਦਾ ਹਾਂ ਕਿ ਰਵੀ ਜੋ ਇੰਨੀ ਜੁਰੱਅਤ ਤੋਂ ਵੀ ਹੀਣ ਹੈ ਕਿ ਉਹ ਆਪਣੀ ਲਿਖਤ ਬਾਰੇ ਕਿੰਤੂ ਨੂੰ ਅਤੇ ਉਸ ਬਾਰੇ ਕਹੇ ਗਏ ਇੰਨੇ ਕੁਝ ਬਾਰੇ ਸਿਰਫ ਘੁੰਡ ਵਿਚੋਂ ਹੀ ਬੋਲ ਰਿਹਾ ਹੋਵੇ, ਉਸ ਨੂੰ ਮੈਂ ਸਿਰਫ 'ਗੰਡੋਆ ਲੇਖਕ' ਹੀ ਕਹਾਂਗਾ, ਜਿਸ ਦੀ ਆਪਣੇ ਪੈਰਾਂ ਤੇ ਖੜ੍ਹੇ ਹੋਣ ਦੀ ਸਮਰਥਾ ਵੀ ਨਾ ਹੋਵੇ ਕਿਉਂਕਿ ਗੰਡੋਏ ਦੀ ਰੀੜ੍ਹ ਦੀ ਹੱਡੀ ਨਹੀਂ ਹੁੰਦੀ।

ਰਵੀ-ਮੰਡਲ ਬਾਰੇ ਪਹਿਲਾਂ ਜੋ ਕੁਝ ਹੋਰ ਲਿਖਣ ਦਾ ਵਿਚਾਰ ਸੀ ਹੁਣ ਦੀ ਹਾਲਤ ਨੂੰ ਦੇਖਦਿਆਂ, ਹੁਣ ਉਸਦੀ ਲੋੜ ਮਹਿਸੂਸ ਨਹੀਂ ਹੁੰਦੀ ਕਿ ਜੋ ਕੁਝ ਉਨ੍ਹਾਂ ਬਾਰੇ ਲਿਖਿਆ ਗਿਆ ਹੈ, ਉਹ ਵੀ ਲੋੜ ਤੋਂ ਵੱਧ, ਉਨ੍ਹਾਂ ਨੂੰ ਪਬਲਸਿਟੀ ਮਿਲੀ ਹੈ ਉਹ ਇਸ ਦੇ ਅਧਿਕਾਰੀ ਨਹੀਂ ਸਨ। ਕਈ ਪਾਠਕਾਂ ਨੇ ਕਿਹਾ, "ਉਨ੍ਹਾ ਬਾਰੇ ਲਿਖਣ ਦਾ ਕੀ ਲਾਭ, ਜਿੰਨ੍ਹਾਂ ਨੂੰ ਕੋਈ ਜਾਣਦਾ ਵੀ ਨਹੀਂ ਹੈ।"

ਮੇਰੇ ਲਈ ਰਵੀ-ਮੰਡਲ ਫੌਤ ਹੋ ਗਿਆ ਹੈ। ਉਸ ਬਾਰੇ ਹੁਣ ਅਗੋਂ ਕੁਝ ਵੀ ਕਹਿਣ ਦੀ ਲੋੜ ਨਹੀਂ। ਜਿਵੇਂ ਆਮ ਲੋਕ ਕਹਿੰਦੇ ਹਨ ਜਦੋਂ ਕੋਈ ਮਰ ਹੀ ਗਿਆ ਉਸ ਬਾਰੇ ਕਹਿਣ ਦੀ ਲੋੜ ਖਤਮ ਹੋ ਜਾਂਦੀ ਹੈ। ਮਰੇ ਹੋਏ ਚੰਗੇ ਮਨੁਖਾਂ ਨੂੰ ਤਾਂ ਲੋਕ ਜ਼ਰੂਰ ਯਾਦ ਕਰਦੇ ਹਨ, 'ਵਿਲਨ' ਭਾਵ ਖਲਨਾਇਕਾਂ ਦਾ ਜਾਂ ਤੇ ਜ਼ਿਕਰ ਕਰਦੇ ਹੀ ਨਹੀਂ, ਜੇ ਕਦੇ ਕਰਨ ਵੀ ਤਾਂ ਉਹ ਤਹਿਸਕਾਰ ਨਾਲ ਹੀ ਜ਼ਿਕਰ ਕਰਦੇ ਹਨ। ਪਰ ਰਵੀ-ਮੰਡਲ ਬਾਰੇ ਜ਼ਿਕਰ ਕਰਨਾ ਸਮਾਂ ਵਿਅਰਥ ਗੁਆਉਣਾ ਹੀ ਹੋਵੇਗਾ, ਉਸ ਦੀ ਥਾਵੇਂ ਕੋਈ ਸਾਰਥਕ ਕੰਮ ਕੀਤਾ ਲਾਭਦਾਇਕ ਹੋਵੇਗਾ।

ਰਵੀ-ਮੰਡਲ ਦੀਆਂ ਮੇਰੇ ਪ੍ਰਤੀ ਘਟੀਆ ਲਿਖਤਾਂ ਦੇ ਉਤਰ ਵਿਚ ਕਈ ਵਾਰੀ ਤਲਖ, ਕਰੜੇ ਅਤੇ ਮੇਰੇ ਸੁਭਾਓ ਦੇ ਉਲਟ ਲਿਖਣਾ ਪਿਆ, ਉਸ ਨੂੰ ਪੜ੍ਹਕੇ ਪਾਠਕਾਂ ਨੂੰ ਜੋ ਅਸੁਭਦਾ ਹੋਈ ਹੋਵੇ, ਉਸ ਲਈ ਮੈਂ ਖਿਮਾ ਚਾਹੁੰਦਾ ਹਾਂ। ਮੈਂ ਪਹਿਲਾਂ ਵੀ ਕਈ ਲੇਖਾਂ ਵਿਚ ਇਹ ਜ਼ਿਕਰ ਕੀਤਾ ਹੈ ਕਿ ਮੈਨੂੰ ਮਜਬੂਰਨ ਇਸ ਬਹਿਸ ਵਿਚ ਸ਼ਾਮਲ ਹੋਣਾ ਪਿਆ ਹੈ। ਇਸ ਦੇ ਸਾਰੇ ਪੱਖਾਂ ਨੂੰ ਜਾਣਦੇ ਹੋਏ ਵੀ ਚੁਪ ਰਹਿਣਾ, ਝੂਠ, ਬਦੀ ਅਤੇ ਘਟੀਆਪਣ ਅਗੇ ਸਿਰ ਝੁਕਾਉਣ ਵਾਲੀ ਗੱਲ ਸੀ। ਇਸ ਲਈ ਪਾਖੰਡ ਅਤੇ ਦੰਭ ਦੇ ਚੈਲੰਜ ਨੂੰ ਕਬੂਲ ਕਰਨਾ ਪਿਆ। ਰਵੀ ਦੀ ਅਖੌਤੀ ਕਹਾਣੀ ਵਿਚੋਂ 'ਨਿਆਦੌਰ' ਫਿਲਮ ਦੇ ਗੀਤ ਵਾਂਗੂੰ 'ਬਚ ਕਰ ਰਹਿਣਾ ਆਪਣੇ ਘਰ ਮੇਂ ਛੁਪੇ ਹੂਏ ਗ਼ਦਾਰੋਂ ਸੇ" ਦੇ ਭਾਵ ਅਨੁਸਾਰ ਖਾਲਿਸਤਾਨ ਪੱਖੀ ਲੁਕੇ ਹੋਏ ਰਵੀ ਨੂੰ ਚੌਰਾਹੇ ਵਿਚ ਹੀ ਖੜ੍ਹੇ ਕਰਨਾ ਸੀ। ਜੋ ਹਿੱਕ ਥਾਪੜ ਕੇ ਆਪਣੇ ਵਿਚਾਰ ਵੀ ਨਾ ਸਾਹਮਣੇ ਰੱਖ ਸਕਦੇ ਹੋਣ, ਅਜਿਹੇ ਬੁਜ਼ਦਿਲਾਂ ਉਪਰ, ਉਸ ਲਹਿਰ ਦੇ ਲੋਕ ਵੀ ਲਾਹਣਤ ਹੀ ਪਾਉਂਦੇ ਹਨ। ਇਸ ਤਰ੍ਹਾਂ ਰਵੀ ਦੀ 'ਵੱਡੇ ਲੇਖਕ' ਬਣਨ ਲਈ ਕੀਤੀ ਸਾਰੀ ਮਿਹਨਤ ਅਤੇ ਖਰਚੀ ਰਕਮ ਬੇਅਰਥ ਹੀ ਗਈ

ਬਹਿਸ ਦੇ ਅੰਤ ਉਪਰ ਰਵੀ ਮੰਡਲ ਵਿਖਰ ਗਿਆ ਹੈ। ਪਹਿਲਾਂ ਮੀਤ ਨੇ, ਉਸ ਦਾ ਨਾਂ ਵਰਤਣ ਲਈ ਫਿਟਲਾਅਨਤ ਕੀਤੀ ਹੁਣ ਪਤਾ ਲੱਗਾ ਹੈ ਚਰਨ ਨੇ ਵੀ ਉਸ ਨੂੰ ਦੁਰਬਚਨ ਸੁਣਾਏ ਹਨ ਕਿ ਉਸ ਨੂੰ ਦਿਖਾਏ ਬਿਨਾਂ ਉਸ ਦੇ ਨਾਂ ਉਪਰ ਕਿਉਂ ਲਿਖਿਆ ਗਿਆ ਹੈ। ਮੀਤ ਅਤੇ ਚਰਨ ਨੂੰ ਚਾਹੀਦਾ ਹੈ ਕਿ ਉਹ ਫਿਰਕੂ ਪਰਚੇ ਦੇ ਕੁਚਲਾ-ਪਰਤੱਕਾਰ ਦੇ ਗਲ ਵਿਚ ਵੀ ਸਾਫਾ ਪਾਉਣ, ਜਿਸ ਇਸ ਤਰ੍ਹਾਂ ਘਟੀਆ ਹਰਕਤ ਕਰਕੇ ਇਹ ਕੁਕਰਮ ਕੀਤਾ ਹੈ। ਖੈਰ ਇਸ ਨਾਲ ਫਿਰਕੂ ਪਰਚੇ ਦਾ ਕੂੜ ਹੀ ਲਿਖੁਟਿਆ ਹੈ।

ਮੈਂ ਇਸ ਵਿਵਾਦ ਦੀ ਸਮਾਪਤੀ ਸੁਕਰਾਤ ਦੀ ਆਪਣੇ ਵਿਦਿਆਰਥੀ ਏਦੀਮੰਤਸ (ਇਕ ਫਿਲਾਸਫਰ) ਨਾਲ ਕੀਤੀ 'ਰੀਪਬਲਿਕ' ਵਿਚ ਇਕ ਵਾਰਤਾਲਾਪ ਨਾਲ ਕਰਦਾ ਹਾਂ:

**ਸੁਕਰਾਤ :** ...ਵਿਚਾਰ ਕਰੋ ਮਨੁੱਖ ਦਾ ਮਹੱਤਵਪੂਰਣ ਅੰਸ਼ ਕਿਹੜਾ ਹੈ? ਉਸ ਦੀ ਆਤਮਾ! ਆਪਣੀ ਆਤਮਾ ਨੂੰ ਉਸ ਦੇ ਮਹੱਤਵਪੂਰਨ ਸੱਚ ਤੋਂ ਅਣਜਾਣ ਰੱਖਣਾ ਜਾਂ ਉਸ ਦੇ ਬਾਰੇ ਆਪਣੇ ਆਪ ਨੂੰ ਧੋਖੇ ਵਿਚ ਰੱਖਣਾ ਕੋਈ ਮਨੁੱਖ ਵੀ ਸਹਿਨ ਨਹੀਂ ਕਰਦਾ, ਸਗੋਂ ਹਰ ਵਿਅਕਤੀ ਇਸ ਗੱਲ ਤੋਂ ਬੜੀ ਘ੍ਰਿਣਾ ਕਰਦਾ ਹੈ।

**ਏਦੀਮੰਤਸ :** ਨਿਰਸੰਦੇਹ, ਇਸ ਤੋਂ ਵੱਧ ਘ੍ਰਿਣਾ-ਯੋਗ ਵਸਤੂ ਹੋਰ ਕੀ ਹੋ ਸਕਦੀ ਹੈ?

**ਸੁਕਰਾਤ :** ਏਸੇ ਆਤਮਾ ਨੂੰ ਧੋਖਾ ਦੇਣ ਤੇ ਹਨੇਰੇ ਵਿਚ ਰੱਖਣ ਨੂੰ ਹੀ ਮੈਂ ਅਸਲ ਝੂਠ ਦਾ ਨਾਮ ਦਿੱਤਾ ਹੈ ਕਿਉਂਕਿ ਖੁਲ੍ਹੇ ਸ਼ਬਦਾਂ ਵਿਚ ਜੋ ਝੂਠ ਬੋਲਿਆ ਜਾਂਦਾ ਹੈ, ਉਹ ਅਸਲ ਵਿਚ ਇਸੇ ਆਤਮਾ ਸੰਬੰਧੀ ਵਿਕਾਰ ਦਾ ਪ੍ਰਤਿਬਿੰਬ ਹੁੰਦਾ ਹੈ। ਕੀ ਤੁਸੀਂ ਸਹਿਮਤ ਹੋ?

**ਏਦੀਮੰਤਸ :** ਹਾਂ।

**ਸੁਕਰਾਤ :** ਸੋ ਅਸਲ ਝੂਠ ਤੋਂ ਹਰ ਕੋਈ ਘ੍ਰਿਣਾ ਕਰਦਾ ਹੈ, ਚਾਹੇ ਉਹ ਦੇਵਤਾ ਹੋਵੇ ਜਾਂ ਮਨੁੱਖ।

**ਏਦੀਮੰਤਸ :** ਜੀ ਹਾਂ, ਮੈਂ ਸਹਿਮਤ ਹਾਂ।

..........

**ਸੁਕਰਾਤ :** ਕੀ ਇਹ ਸੰਭਵ ਹੈ ਕਿ ਉਹ ਆਪਣੇ ਪੁਰਾਣੇ ਵੈਰੀਆਂ ਤੋਂ ਡਰ ਕੇ ਝੂਠ ਬੋਲਦਾ ਹੈ?

**ਏਦੀਮੰਤਸ :** ਬਿਲਕੁਲ ਨਹੀਂ!

**ਸੁਕਰਾਤ :** ਤਾਂ ਫਿਰ ਸ਼ਾਇਦ ਕੁਝ ਪਾਗਲ ਤੇ ਜਨੂੰਨੀ ਉਸ ਦੇ ਮਿੱਤਰ ਹੋਣ ਅਤੇ ਉਹਨਾਂ ਦੇ ਲਾਭ ਹਿਤ ਉਸ ਨੂੰ ਝੂਠ ਬੋਲਣਾ ਪੈਂਦਾ ਹੋਵੇ।

**ਏਦੀਮੰਤਸ :** ਪਾਗਲ ਤੇ ਬੇਵਕੂਫ ਵੀ ਕਦੇ .... ਮਿੱਤਰ ਹੋ ਸਕਦੇ ਹਨ?

# ਮਹਿਮਾ ਸਿੰਘ ਦਾ ਜੀਵਨ – ਸੰਘਰਸ਼ ਦੀ ਦਾਸਤਾਨ

ਉਘਾ ਸੁਤੰਤਰਤਾ ਸੰਗਰਾਮੀ ਅਤੇ ਪੁਰਾਣਾ ਕਮਿਊਨਿਸਟ ਆਗੂ ਸਾਥੀ ਮਹਿਮਾ ਸਿੰਘ ਜੂਨ ਮਹੀਨੇ ਦੀ ਪਹਿਲੀ ਸਵੇਰ ਨੂੰ ਸਾਡੇ ਤੋਂ ਸਦਾ ਲਈ ਵਿਛੜ ਗਿਆ। ਚੰਡੀਗੜ੍ਹ ਨੇੜੇ ਰੋਪੜ ਜ਼ਿਲੇ 'ਚ ਪੈਂਦੇ ਪਿੰਡ ਮੁੱਲਾਂਪੁਰ ਜੋ ਪਹਿਲਾਂ ਜ਼ਿਲਾ ਅੰਬਾਲਾ ਵਿਚ ਸੀ ਦੇ ਜੰਮਪਲ ਸਾਥੀ ਮਹਿਮਾ ਸਿੰਘ ਦਾ ਜੀਵਨ ਸੰਘਰਸ਼ਾਂ ਦੀ ਇਕ ਲੰਮੀ ਦਾਸਤਾਨ ਹੈ। ਸੰਘਰਸ਼-ਮਈ ਜੀਵਨ ਦੀ ਜਾਗ ਉਹਨਾਂ ਨੂੰ ਘਰ ਚੋਂ ਹੀ ਲਗੀ ਅਤੇ ਲੋਕਾਂ ਲਈ ਜੂਝਣ ਤੇ ਦੇਸ਼ ਪਿਆਰ ਦੀ ਚੇਤਨਾ ਉਹਨਾਂ ਨੂੰ ਆਪਣੇ ਪਿਤਾ ਸ੍ਰੀ ਤੇਜਾ ਸਿੰਘ ਤੋਂ ਵਿਰਸੇ ਵਿਚ ਮਿਲੀ। ਉਹਨਾਂ ਦਾ ਘਰ ਅਕਾਲੀ ਰਾਜਨੀਤੀ ਅਤੇ ਆਜ਼ਾਦੀ ਦੀ ਤਹਿਰੀਕ ਦਾ ਤਹਿਸੀਲ ਖਰੜ ਵਿਚ ਗੜ੍ਹ ਸੀ।

ਉਹ 1933 ਵਿਚ ਫੌਜ ਦੀ ਸਿਗਨਲ ਕੋਰ ਵਿਚ ਭਰਤੀ ਹੋਏ ਅਤੇ 1936 ਵਿਚ ਬਦਲੀ ਹੋ ਕੇ ਮੇਰਠ ਛਾਉਣੀ ਆ ਗਏ। ਉਥੇ ਇਕ ਗਿਆਨੀ ਤੇਜਾ ਸਿੰਘ ਅਤੇ ਨੰਦ ਸਿੰਘ ਦੇ ਸੰਪਰਕ ਵਿਚ ਆਏ ਅਤੇ ਇਕ ਜਲੂਸ ਵਿਚ ਸ਼ਾਮਲ ਹੋਏ।

1937 ਵਿਚ ਕਿਰਤੀ ਲਹਿਰ ਪਤਰਕਾ ਪ੍ਰਕਾਸ਼ਤ ਹੋਈ। ਸਾਥੀ ਮਹਿਮਾ ਸਿੰਘ ਇਹ ਅਖਬਾਰ ਸਿਗਨਲ ਦੀਆਂ ਯੂਨਿਟਾਂ ਵਿਚ ਵੰਡਣ ਅਤੇ ਪ੍ਰਚਾਰਨ ਦਾ ਕੰਮ ਕਰਨ ਲੱਗੇ। 1939 ਵਿਚ ਕਿਸੇ ਖੁਫੀਆ ਰਿਪੋਰਟ ਤੇ ਛਾਉਣੀ ਵਿਚ ਵੱਡੇ ਪੱਧਰ ਤੇ ਤਲਾਸ਼ੀ ਹੋਈ। ਸਾਥੀ ਕੋਲ ਕਿਰਤੀ ਲਹਿਰ ਦੀਆਂ ਕਈ ਕਾਪੀਆਂ ਅਤੇ ਹੋਰ ਇਤਰਾਜ਼ਯੋਗ ਲਿਟਰੇਚਰ ਮਿਲਿਆ। ਉਹਨਾਂ ਨੂੰ ਸੈਕੰਡ ਇਨ ਕਮਾਂਡ ਦੇ ਪੇਸ਼ ਕੀਤਾ। ਉਹ ਅਫਸਰ ਜਰਮਨ ਦੀ ਕਿਸੇ ਖੁਫੀਆ ਏਜੰਸੀ ਦਾ ਬੰਦਾ ਹੋਣ ਕਰਕੇ ਉਸ ਨੂੰ ਵਾਰਨਿੰਗ ਦੇ ਕੇ ਕੇਸ ਖਤਮ ਕਰ ਦਿੱਤਾ। ਦੂਸਰੀ ਜੰਗ ਸ਼ੁਰੂ ਹੋ ਚੁਕੀ ਸੀ। 'ਸਾਡੀ ਯੂਨਿਟ ਨੂੰ ਮਿਸਰ ਭੇਜ ਦਿੱਤਾ ਜਿਥੇ ਮੈਂ ਡੇਢ ਸਾਲ ਰਿਹਾ। ਕਾਹਿਰਾ ਵਿਚ ਇਸ ਸਮੇਂ 'ਲੋਡ-ਅਨਲੋਡ ਦੇ ਸਵਾਲ ਤੇ ਫੌਜੀਆਂ ਨੇ ਹੜਤਾਲ ਕਰ ਦਿੱਤੀ। ਜਿਹਨਾਂ ਕੰਪਨੀਆਂ ਵਿਚ ਹੜਤਾਲ ਹੋਈ ਉਹ ਸਾਰੀਆਂ ਮੇਰਠ ਤੋਂ ਗਈਆਂ ਸਨ ਅਤੇ ਉਹ ਸਭ ਕਿਰਤੀ ਲਹਿਰ ਤੋਂ ਪ੍ਰਭਾਵਤ ਫੌਜੀ ਸਨ। ਇਸ ਹੜਤਾਲ ਦੀ ਇਨਕੁਆਰੀ ਲਈ ਸਪੈਸ਼ਲ ਕਮਿਸ਼ਨ ਭਾਰਤ ਤੋਂ ਸਦਿਆ ਗਿਆ ਇਹਨਾਂ ਦੀ ਰਿਪੋਰਟ ਤੇ ਬਹੁਤ ਸਾਰੇ ਫੌਜੀਆਂ ਨੂੰ ਗ੍ਰਿਫਤਾਰ ਕਰਕੇ ਭਾਰਤ ਭੇਜ ਦਿੱਤਾ ਗਿਆ। 'ਮੇਰਾ ਰਿਕਾਰਡ ਵੀ ਮੇਰਠ ਤੋਂ ਮੰਗਵਾਇਆ ਅਤੇ ਮੈਨੂੰ ਵੀ ਭਾਰਤ ਵਾਪਸ ਕਰ ਦਿੱਤਾ। 31 ਦਸੰਬਰ 1940 ਨੂੰ ਮੈਨੂੰ ਬੰਬਈ ਤੋਂ ਗ੍ਰਿਫਤਾਰ ਕਰਕੇ ਲਾਹੌਰ ਸ਼ਾਹੀ ਕਿਲੇ ਵਿਚ ਭੇਜ ਦਿੱਤਾ। ਜਿਥੇ ਮੈਨੂੰ ਇਕ ਕੋਠੜੀ ਵਿਚ ਬੰਦ ਕਰ ਦਿੱਤਾ। ਉਥੇ ਸਾਨੂੰ ਤਸੀਹੇ ਦਿਤੇ ਜਾਂਦੇ ਰਹੇ ਅਤੇ ਸਾਰਾ ਦਿਨ ਖੜਾ ਰਖਿਆ. ਜਾਂਦਾ। ਇਸ ਕੋਠੜੀ ਦੀ ਕੰਧ ਤੇ ਫਜ਼ਲ ਅਲੀ ਕੁਰਬਾਨ ਅਤੇ ਹਰਕਿਸ਼ਨ ਸਿੰਘ ਸੁਰਜੀਤ ਦੇ ਨਾਮ ਲਿਖੇ ਸਨ ਜੋ ਮੇਰੇ ਤੋਂ ਪਹਿਲਾਂ ਉਸ ਕੋਠੜੀ ਵਿਚ ਰਹੇ। ਭਗਤ ਸਿੰਘ ਦੇ ਚਾਚਾ ਅਜੀਤ ਸਿੰਘ ਦੀ ਨਜ਼ਮ ਪਗੜੀ ਸੰਭਾਲ ਜੱਟਾ ਦੇ ਕੁਝ ਬੰਦ ਵੀ ਕੰਧ ਤੇ ਅੰਕਤ ਸਨ ਜੋ ਤਸੀਹਿਆਂ ਦੀ ਸਾਡੀ ਪੀੜ ਤੇ ਮਲ੍ਹਮ ਦਾ ਕੰਮ ਕਰਦੇ ਸਨ ਅਤੇ ਅਗਲੇ ਦਿਨ ਹੋਣ ਵਾਲੇ ਤਸ਼ੱਦਦ ਨੂੰ ਸਹਿਣ ਦੀ ਤਾਕਤ ਦੇਂਦੇ ਸਨ।

ਉਹਨਾਂ ਨੂੰ ਤਿੰਨ ਮਹੀਨੇ ਬਾਅਦ ਮੀਆਂਵਾਲੀ ਜੇਲ੍ਹ ਵਿਚ ਭੇਜ ਦਿੱਤਾ। ਉਥੇ ਉਹਨਾਂ ਦਾ ਮਿਲਾਪ ਮੀਆਂ ਅਖਤਰ ਉਲਦੀਨ ਸਦਰ ਸੂਬਾ ਕਾਂਗਰਸ ਪੰਜਾਬ ਦੇਸ ਬੰਧੂ ਗੁਪਤਾ ਚੀਫ ਐਡੀਟਰ 'ਤੇਜ' ਮਾਸਟਰ ਤੋਤਾ ਸਿੰਘ ਬੱਬਰ, ਅਰਜਨ ਸਿੰਘ ਗੜਗੱਜ, ਮੁਣਸ਼ੀ ਹਰੀ ਰਾਮ ਮੁਲਤਾਨ, ਗਿਆਨੀ ਹੀਰਾ ਸਿੰਘ ਦਰਦ, ਚੌਧਰੀ ਕਰਤਾਰ ਸਿੰਘ ਸੂਫੀ ਅਲਦਾਦ ਖਾਂ ਅਤੇ ਗਿਆਨੀ ਊਧਮ ਸਿੰਘ ਧੂਤ ਨਾਲ ਹੋਇਆ। ਮੀਆਂਵਾਲੀ ਤੋਂ ਉਹਨਾਂ ਨੂੰ ਸਬ ਜੇਲ੍ਹ ਮੁਜੱਫਰਗੜ੍ਹ ਭੇਜ ਦਿਤਾ ਜਿਥੇ ਉਹ ਕਾਫੀ ਸਮਾਂ ਮੁਣਸ਼ੀ ਰਹਿਮੁਲਦੀਨ ਸੋਸ਼ਲਿਸਟ ਤੇ ਸੱਜਣ ਸਿੰਘ ਮਰਗਿੰਦਪੁਰੀ ਨਾਲ ਇਕ ਕਮਰੇ ਵਿਚ ਰਹੇ। ਉਥੋਂ ਉਹਨਾਂ ਨੂੰ ਜ਼ਿਲਾ ਜੇਲ੍ਹ ਲਾਇਲਪੁਰ ਵਿਚ ਤਬਦੀਲ ਕਰ ਦਿੱਤਾ। ਜਿਥੇ ਉਨ੍ਹਾਂ ਨੂੰ ਬਾਬਾ ਗੁਰਮੁਖ ਸਿੰਘ, ਤਾਰਾ ਚੰਦ ਗੁਪਤਾ ਐਮ. ਏ. ਜਿਸਲਬੋਸ, ਭੋਲਾ ਸਿੰਘ ਬੱਬਰ, ਲਾਭ ਸਿੰਘ ਬੱਬਰ, ਡਾ: ਨੇਤਾ ਨੰਦ ਅਤੇ ਹਜਾਰਾ ਸਿੰਘ ਆਦਿ ਦੇਸ਼ ਭਗਤਾਂ ਨਾਲ ਰਹਿਣ ਦਾ ਮੌਕਾ ਮਿਲਿਆ।

ਸਾਥੀ ਮਹਿਮਾ ਸਿੰਘ 1947 ਵਿਚ ਜੇਲ੍ਹ ਚੋਂ ਰਿਹਾ ਹੋ ਕੇ ਜਦੋਂ ਵਾਪਸ ਆਏ ਤਾਂ ਪਿੰਡ ਵਾਸੀਆਂ ਨੇ ਉਹਨਾਂ ਨੂੰ ਸਰਬ ਸੰਮਤੀ ਨਾਲ ਕਸਬਾ ਮੁੱਲਾਂਪੁਰ ਦਾ ਸਰਪੰਚ ਬਣਾ ਦਿੱਤਾ। ਉਹਨਾਂ ਪਿੰਡ ਦੇ ਉਘੇ ਦੇਸ਼ ਭਗਤ ਲਹੌਰੀ ਰਾਮ ਨਾਲ ਮਿਲਕੇ ਪਿੰਡ ਵਿਚ ਅਮਨ ਕਮੇਟੀ ਬਣਾਈ। ਉਹਨਾਂ ਨੂੰ ਤਹਿਸੀਲ ਖਰੜ ਕਾਂਗਰਸ ਕਮੇਟੀ ਦਾ ਪ੍ਰਧਾਨ ਬਣਾ ਦਿੱਤਾ ਗਿਆ। 25 ਅਪਰੈਲ 1948 ਨੂੰ ਉਹਨਾਂ ਨੇ ਕਾਂਗਰਸ ਪਾਰਟੀ ਤੋਂ ਅਸਤੀਫਾ ਦੇ ਦਿੱਤਾ ਅਤੇ ਕਮਿਊਨਿਸਟ ਪਾਰਟੀ ਵਿਚ ਸ਼ਾਮਲ ਹੋ ਗਏ ਅਤੇ ਪਿਛੋਂ ਉਹ ਸੀ. ਪੀ. ਆਈ. (ਐਮ) ਦੇ ਮੈਂਬਰ ਰਹੇ। ਉਹਨਾਂ ਨੇ ਸਾਥੀ ਹਜ਼ਾਰਾ ਸਿੰਘ, ਭਗਤ ਸਿੰਘ, ਰੁਲਦਾ ਸਿੰਘ ਆਦਿ ਸਾਥੀਆਂ ਨਾਲ ਰਲਕੇ 1953 ਵਿਚ ਮੁਲਾਂਪੁਰ ਬੜੀ ਵੱਡੀ ਕਾਨਫਰੰਸ ਆਯੋਜਤ ਕੀਤੀ। ਇਲਾਕੇ ਭਰ ਚੋਂ ਇਸ ਕਾਨਫਰੰਸ ਨੂੰ ਭਰਵਾਂ ਹੁੰਗਾਰਾ ਮਿਲਿਆ। ਇਸ ਉਭਾਰ ਨੂੰ ਵੇਖਕੇ ਪ੍ਰਬੰਧਕ ਮਸ਼ੀਨਰੀ ਨੇ ਪਿੰਡ ਨੂੰ ਪੁਲਸ ਛਾਉਣੀ ਵਿਚ ਤਬਦੀਲ ਕਰ ਦਿੱਤਾ। ਇਸ ਕਾਨਫਰੰਸ ਦੀ ਪ੍ਰਧਾਨਗੀ ਬਾਬਾ ਗੁਰਮੁਖ ਸਿੰਘ ਨੇ ਕੀਤੀ। ਇਸ ਪਿਛੋਂ ਉਹਨਾਂ ਨੂੰ ਦੋ ਸਾਲ ਲਈ ਪਿੰਡ ਵਿਚ ਨਜ਼ਰਬੰਦ ਕਰ ਦਿੱਤਾ ਤੇ ਉਹ ਪਿੰਡ ਤੋਂ ਬਾਹਰ ਨਹੀਂ ਸਨ ਜਾ ਸਕਦੇ। ਉਹਨਾਂ ਲੰਮਾਂ ਸਮਾਂ ਕਿਸਾਨ ਸਭਾ ਵਿਚ ਕੰਮ ਕੀਤਾ। ਸਾਥੀ ਮੋਹਣ ਸਿੰਘ ਜੰਡਿਆਲਾ ਅਤੇ ਸਾਥੀ ਗੁਰਬਖਸ਼ ਸਿੰਘ ਡਕੋਟਾ ਰੂਪੋਸ਼ ਸਮੇਂ ਉਹਨਾਂ ਦੇ ਅਤੇ ਗਿਆਨੀ ਭਗਤ ਸਿੰਘ ਦੇ ਘਰ ਰਹਿੰਦੇ ਰਹੇ। ਸਾਥੀ ਮਹਿਮਾ ਸਿੰਘ ਨੇ ਏ. ਕੇ. ਜੀ. ਭਵਨ ਲਈ ਇਕ ਹਜ਼ਾਰ ਰੁਪੈ ਦਿਤੇ ਸਨ ਅਤੇ ਪਿੰਡ ਵਿਚ ਇਕ ਲਾਇਬਰੇਰੀ ਸਥਾਪਤ ਕੀਤੀ। ਉਹ ਆਪਣੇ ਪਿੰਡ ਦੇ ਵਿਕਾਸ ਦੇ ਕੰਮਾਂ ਵਿਚ ਬੜੀ ਦਿਲਚਸਪੀ ਨਾਲ ਕੰਮ ਕਰਦੇ ਰਹੇ।

ਰਾਜਿੰਦਰ ਧਾਲੀਵਾਲ,

# ਪੰਜਾਬ ਮਸਲੇ ਬਾਰੇ ਪ੍ਰਚਾਰ ਜ਼ਿਆਦਾ—ਅਮਲ ਜ਼ੀਰੋ

—ਦਰਬਾਰਾ ਸਿੰਘ ਕਾਹਲੋਂ

ਦੇਸ਼ ਦੇ ਪ੍ਰਧਾਨ ਮੰਤਰੀ ਰਾਸ਼ਟਰੀ ਏਕਤਾ ਅਤੇ ਉਚ ਆਚਰਣ ਦਾ ਪ੍ਰਤੀਕ ਹੁੰਦਾ ਹੈ। ਜਦ ਕੋਈ ਰਾਜਸੀ ਨੇਤਾ ਭਾਵੇਂ ਉਹ ਕਿਸੇ ਵੀ ਪਾਰਟੀ, ਧਰਮ ਜਾਤ ਜਾਂ ਵਰਗ ਨਾਲ ਸਬੰਧ ਰੱਖਦਾ ਹੋਵੇ, ਦੇਸ਼ ਦਾ ਪ੍ਰਧਾਨ ਮੰਤਰੀ ਬਣ ਜਾਵੇ ਤਾਂ ਉਸ ਲਈ ਅਤਿ ਜ਼ਰੂਰੀ ਹੈ ਕਿ ਉਹ ਹਰ ਧਰਮ, ਵਰਗ, ਰੰਗ ਅਤੇ ਜਾਤ ਦੇ ਲੋਕਾਂ ਵਿਚ ਹਰਮਨ ਪਿਆਰਾ ਹੋਣ ਲਈ ਰਾਸ਼ਟਰੀ ਏਕਤਾ ਅਤੇ ਆਚਰਣ ਦੇ ਮੁਜਸਮੇ ਵਜੋਂ ਉਭਰੇ। ਆਪਣੇ ਆਪ ਵਿਚ ਰਾਸ਼ਟਰ ਪ੍ਰਤੀ ਸਮਰਪਤ ਸ਼ਖਸੀਅਤ ਦਾ ਪ੍ਰਦਰਸ਼ਨ ਕਰੇ। ਰਾਸ਼ਟਰ ਅਤੇ ਲੋਕਾਂ ਲਈ ਲਏ ਗਏ ਸੰਕਲਪਾਂ ਨੂੰ ਪੂਰੀ ਸੰਜੀਦਗੀ ਨਾਲ ਨਿਭਾਵੇ। ਕਾਸ਼! ਭਾਰਤ ਨੂੰ ਐਸੇ ਪ੍ਰਧਾਨ ਮੰਤਰੀ ਮਿਲ ਸਕਦੇ।

## ਇਖਲਾਕੀ

ਮੌਜੂਦਾ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਜਦ ਵੀ ਕਦੇ ਵਿਦੇਸ਼ੀ ਦੌਰੇ 'ਤੇ ਜਾਂਦੇ ਹਨ ਤਾਂ ਉਨ੍ਹਾਂ ਨੂੰ ਪੰਜਾਬ ਸਮੱਸਿਆ ਪ੍ਰਤੀ ਬਹੁਤ ਹੇਜ਼ ਆਉਂਦਾ ਹੈ। ਆਪਣੇ ਪਿਛਲੇ ਵਿਦੇਸ਼ੀ ਦੌਰੇ ਸਮੇਂ 15 ਅਪਰੈਲ ਨੂੰ ਟੋਕੀਓ ਅਤੇ 17 ਅਪਰੈਲ ਨੂੰ ਵੀਅਤਨਾਮ ਵਿਚ ਹੋਚੀਮਿਨ੍ਹ ਸ਼ਹਿਰ ਵਿਖੇ ਉਨ੍ਹਾਂ ਨੇ ਪੰਜਾਬ ਸਮੱਸਿਆ ਨੂੰ ਵਿਦੇਸ਼ੀ ਧਰਤੀ ਤੇ ਖੂਬ ਪ੍ਰਚਾਰਿਆ ਅਤੇ ਪ੍ਰਸਾਰਿਆ। ਪੰਜਾਬ ਵਿਚ ਸਿਖ ਦਹਿਸ਼ਤਪਸੰਦਾਂ ਦੀ ਟਰੇਨਿੰਗ, ਇਖਲਾਕੀ ਅਤੇ ਮਾਲੀ ਮਦਦ ਲਈ ਪਾਕਿਸਤਾਨ ਨੂੰ ਦੋਸ਼ੀ ਗਰਦਾਨਿਆ। ਇਜ ਹੀ ਉਨ੍ਹਾਂ ਨੇ ਕੁਝ ਦਿਨ ਪਹਿਲਾਂ ਚਾਰ ਦੇਸ਼ਾਂ ਦੇ ਅੱਠ ਰੋਜ਼ਾ ਵਿਦੇਸ਼ੀ ਦੌਰੇ ਦੌਰਾਨ ਪੰਜਾਬ ਸਮੱਸਿਆ, ਪਾਕਿਸਤਾਨੀ ਦਖਲ ਅਤੇ ਆਪਣੀ ਪੰਜਾਬ ਪ੍ਰਤੀ ਸਥਾਈ ਯੋਜਨਾ ਨੂੰ 9-10 ਜੂਨ ਨੂੰ ਨਿਊਯਾਰਕ ਵਿਖੇ ਖੂਬ ਪ੍ਰਚਾਰਿਆ ਅਤੇ ਪ੍ਰਸਾਰਿਆ। ਵਿਦੇਸ਼ੀ ਪ੍ਰੈਸ, ਟੈਲੀਵੀਜ਼ਨ ਅਤੇ ਹੋਰ ਪ੍ਰਸਾਰਨ ਮਾਧਿਅਮਾਂ ਨੇ ਉਨ੍ਹਾਂ ਦੇ ਵਿਚਾਰਾਂ ਨੂੰ ਖੂਬ ਉਛਾਲਿਆ। ਪ੍ਰਧਾਨ ਮੰਤਰੀ ਨੇ 12 ਜੂਨ ਨੂੰ ਦੇਸ਼ ਵਾਪਸ ਪਰਤ ਕੇ ਫਿਰ ਨਵੀਂ ਦਿੱਲੀ ਵਿਖੇ ਪ੍ਰੈਸ ਕਾਨਫਰੰਸ ਵਿਚ ਪੰਜਾਬ ਸਮੱਸਿਆ ਨੂੰ ਇਕ ਸਥਾਈ ਯੋਜਨਾ ਰਾਹੀਂ ਬੜੇ ਯੋਜਨਾਬੱਧ ਢੰਗ ਨਾਲ ਹੱਲ ਕਰਨ ਬਾਰੇ ਦੱਸਿਆ। 'ਕਾਲੀ ਗਰਜ' ਕਾਰਵਾਈ ਵੀ ਉਸ ਯੋਜਨਾ ਦੇ ਇਕ ਹਿੱਸੇ ਵਜੋਂ ਦਰਸਾਈ ਗਈ। ਹਰਿਮੰਦਰ ਸਾਹਿਬ ਕੰਪਲੈਕਸ ਦੁਆਲੇ ਕਾਇਮ ਕੀਤਾ ਜਾ ਰਿਹਾ ਗਲਿਆਰਾ ਵੀ ਉਸੇ ਯੋਜਨਾ ਦਾ ਹਿੱਸਾ ਹੀ ਦਰਸਾਇਆ ਗਿਆ।

ਸਥਾਈ ਯੋਜਨਾ 3 ਮਾਰਚ, 1988 ਨੂੰ ਸਾਬਕਾ ਪੰਜ ਸਿੰਘ ਸਾਹਿਬਾਨ ਅਤੇ ਜੋਧਪੁਰ ਵਿਖੇ 40 ਨਜ਼ਰਬੰਦਾਂ ਦੀ ਰਿਹਾਈ ਸਮੇਂ ਗਵਰਨਰ ਪੰਜਾਬ ਸ੍ਰੀ ਐਸ. ਐਸ. ਰੇਅ ਵਲੋਂ ਐਲਾਨੀ ਗਈ ਸੀ। ਹੁਣ ਰੁਕ ਰੁਕ ਕੇ ਸ੍ਰੀ ਰੇਅ ਅਤੇ ਪ੍ਰਧਾਨ ਮੰਤਰੀ ਇਸ ਸਥਾਈ ਯੋਜਨਾ ਬਾਰੇ ਇੰਕਸ਼ਾਫ ਕਰਦੇ ਨਜ਼ਰ ਆ ਰਹੇ ਹਨ। ਇਹ ਸਥਾਈ ਯੋਜਨਾ ਕੀ ਬਲਾ ਹੈ? ਇਸ ਦੇ ਕੀ ਮੰਤਵ ਹਨ? ਇਸ ਦੀ ਅਵਧੀ ਕੀ ਹੈ ਇਹ ਸਭ ਕੁਝ ਗੁਪਤ ਰੱਖਿਆ ਜਾ ਰਿਹਾ ਹੈ। ਆਖਣ ਨੂੰ ਤਾਂ ਭਾਰਤ ਇਕ ਬਿਹਤਰੀਨ ਲੋਕਤੰਤਰ ਹੈ ਜਿਥੇ ਸਰਕਾਰ ਲੋਕਾਂ ਦੀ, ਲੋਕਾਂ ਲਈ ਅਤੇ ਲੋਕਾਂ ਦੁਆਰਾ ਚੁਣੀ ਹੋਈ ਹੈ ਪਰ ਅਮਲ ਵਿਚ ਸਰਕਾਰ 'ਤੇ ਕਾਬਜ਼ ਲੋਕ ਭਾਰਤੀ ਲੋਕਾਂ ਨਾਲ ਆਪਣੀਆਂ ਯੋਜਨਾਵਾਂ ਨੂੰ ਸਾਂਝੇ ਨਹੀਂ ਕਰਦੇ। ਰਾਜਸੀ ਗੱਦੀ ਦਾ ਸੁਆਰਥ ਉਨ੍ਹਾਂ ਨੂੰ ਲੋਕਤੰਤਰੀ ਕਦਰਾਂ-ਕੀਮਤਾਂ ਅਪਣਾਉਣ ਤੋਂ ਵਰਜਦਾ ਹੈ। ਉਨ੍ਹਾਂ ਨੇ ਸੱਤਾ ਦੇ ਦਲਾਲਾਂ, ਮੌਕਾਪ੍ਰਸਤ ਰਾਜਨੀਤੀ, ਫਿਰਕਾਪ੍ਰਸਤ ਚਾਲਾਂ ਅਤੇ ਸ਼ਖਸੀ ਪੂਜਾ ਦੇ ਸਭਿਆਚਾਰ ਦੇ ਬਲਬੂਤੇ ਭਾਰਤੀ ਲੋਕਤੰਤਰ ਨੂੰ ਯਰਗਮਾਲ ਬਣਾਇਆ ਹੋਇਆ ਹੈ।

ਦਰਅਸਲ ਇਸ ਸਥਾਈ ਯੋਜਨਾ ਤਹਿਤ ਪਿਛਲੇ ਪਾਰਲੀਮੈਂਟਰੀ ਸੈਸ਼ਨ ਦੌਰਾਨ ਪੰਜਾਬ ਵਿਚ ਕਿਸੇ ਵੀ ਸਮੇਂ ਐਮਰਜੈਂਸੀ ਲਾਉਣ ਦਾ ਬਿਲ ਅਤੇ ਰਾਸ਼ਟਰਪਤੀ ਰਾਜ ਵਿਚ ਦੋ ਸਾਲ ਤਕ ਵਾਧੇ ਦਾ ਬਿਲ ਪਾਸ ਕਰਵਾਇਆ ਸੀ ਜਿਸ ਨੂੰ ਰਾਸ਼ਟਰਪਤੀ ਨੇ ਅੱਖਾਂ ਮੀਟ ਕੇ ਸਵੀਕ੍ਰਿਤੀ ਦੇ ਦਿੱਤੀ। ਪੰਜਾਬ ਪ੍ਰਸ਼ਾਸਨ ਵਿਚ 18 ਅਪਰੈਲ, 1988 ਨੂੰ 29 ਸੀਨੀਅਰ ਆਈ ਏ ਐਸ ਅਤੇ 15 ਸੀਨੀਅਰ ਆਈ ਪੀ ਐਸ ਅਫਸਰ ਬਦਲ ਦਿੱਤੇ। ਇਸੇ ਅਦਲਾ ਬਦਲੀ ਵਿਚ ਦਹਿਸ਼ਤਪ੍ਰਸਤਾਂ ਵਿਰੁਧ ਸ਼ਿਦਤ ਨਾਲ ਲੜਨ ਵਾਲੇ ਪ੍ਰਦਮ ਸ੍ਰੀ ਸਨਮਾਨਿਤ ਅਫਸਰ ਖੁੱਡੇ ਲਾਈਨ ਲਾ ਦਿੱਤੇ ਗਏ। 21 ਅਪਰੈਲ ਨੂੰ ਸ੍ਰੀ ਜੇ. ਐਫ. ਰਿਬੇਰੋ ਪੰਜਾਬ ਦੇ ਗਵਰਨਰ ਦੇ ਸਲਾਹਕਾਰ ਬਣਾਏ ਗਏ ਜਦ ਕਿ ਉਨ੍ਹਾਂ ਦੀ ਥਾਂ ਸ੍ਰੀ ਕੇ ਪੀ ਐਸ ਗਿੱਲ ਨਵੇਂ ਡੀ ਜੀ ਪੀ ਬਣੇ। ਪ੍ਰਾਂਤ ਅੰਦਰ ਅਧਿਕਾਰੀਆਂ ਦੇ ਤਬਾਦਲੇ ਅਤੇ ਨਿਯੁਕਤੀਆਂ ਕੋਈ ਨਵੀਂ ਗੱਲ ਨਹੀਂ ਫਿਰ ਵੀ ਉਸ ਅਦਲਾ-ਬਦਲੀ ਨੂੰ ਸਥਾਈ ਯੋਜਨਾ ਦੇ ਹਿੱਸੇ ਵਜੋਂ ਖੂਬ ਪ੍ਰਚਾਰਿਆ ਅਤੇ ਪ੍ਰਸਾਰਿਆ ਗਿਆ।



ਸ੍ਰੀ ਰਜੀਵ ਗਾਂਧੀ :
"ਲੜਾਈ ਜਾਰੀ ਹੈ"

## ਕਦਰਾਂ-ਕੀਮਤਾਂ

ਲੋਕਤੰਤਰੀ ਕਦਰਾਂ-ਕੀਮਤਾਂ ਨੂੰ ਛਿੱਕੇ 'ਤੇ ਟੰਗ ਕੇ ਭਾਵੇਂ ਸਥਾਈ ਯੋਜਨਾ ਨੂੰ ਬਹੁਤ ਗੁਪਤ ਰੱਖਿਆ ਜਾ ਰਿਹਾ ਹੈ ਪਰ ਹੌਲੀ ਹੌਲੀ ਇਹ ਥੈਲੇ ਵਿਚ ਬੰਦ ਬਿੱਲੀ ਮਿਆਊਂ-ਮਿਆਊਂ ਕਰਦੀ ਬਾਹਰ ਆਉਂਦੀ ਲੋਕਾਂ ਨੂੰ ਦਿਸ ਰਹੀ ਹੈ। ਅਮਰੀਕਾ ਵਿਚ ਹਜ਼ਾਰ ਏਕੜ ਫਾਰਮ ਹਾਊਸ ਦੇ ਮਾਲਕ ਸੁਸ਼ੀਲ ਮੁਨੀ ਨੇ ਜੁਝਾਰੂ ਸਾਬਕਾ ਸਿੰਘ ਸਾਹਿਬਾਨ ਦੀ ਰਿਹਾਈ ਇਸੇ ਯੋਜਨਾ ਤਹਿਤ ਕਰਵਾਈ ਸੀ। ਪਰ ਉਹ ਜੁਝਾਰੂ ਜਥੇਬੰਦੀਆਂ ਨੂੰ ਸਰਕਾਰੀ ਲਾਈਨ 'ਤੇ ਲਿਆਉਣ ਵਿਚ ਨਾਕਾਮ ਰਹੇ। 9 ਜੂਨ ਤੋਂ 18 ਜੂਨ ਤੱਕ ਹੋਏ ਸਥਾਈ ਯੋਜਨਾ ਤਹਿਤ ਅਪਰੇਸ਼ਨ 'ਕਾਲੀ ਗਰਜ' ਦੌਰਾਨ ਉਹ ਬਲੀ ਦੇ ਬੱਕਰੇ ਬਣ ਗਏ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਰਕਾਰ ਦੀ ਦਖਲਅੰਦਾਜ਼ੀ ਦੇ ਬਾਵਜੂਦ ਉਨ੍ਹਾਂ ਨੂੰ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਕਾਇਮ ਨਾ ਰੱਖ ਸਕਣ ਦੇ ਦੋਸ਼ ਵਿਚ ਬਰਖਾਸਤ ਕਰ ਦਿੱਤਾ। 'ਕਾਲੀ ਗਰਜ' ਕਾਰਵਾਈ ਦੀ ਕਾਮਯਾਬੀ ਦਾ ਸਿਹਰਾ ਤਾਂ ਸਰਕਾਰ ਸਥਾਈ ਯੋਜਨਾ ਤਹਿਤ ਆਪਣੇ ਸਿਰ ਬੰਨ੍ਹ ਰਹੀ ਹੈ ਜਦ ਕਿ ਸਿੰਘ ਸਾਹਿਬਾਨ ਦੀ ਬਰਖਾਸਤਗੀ ਅਤੇ ਨਾਕਾਮਯਾਬੀ ਦੂਸਰਿਆਂ ਦੇ ਸਿਰ ਮੜ੍ਹ ਰਹੀ ਹੈ।

ਇਸੇ ਸਥਾਈ ਯੋਜਨਾ ਤਹਿਤ ਸਰਹੱਦ ਸੀਲ ਕਰਨ ਲਈ ਕੰਡੇਦਾਰ ਤਾਰ ਲਾਉਣ ਦਾ ਕੰਮ ਸ਼ੁਰੂ ਕੀਤਾ ਅਤੇ ਇਸੇ ਤਹਿਤ 26 ਮਈ ਨੂੰ ਰਾਜੀਵ ਸਰਕਾਰ ਨੇ ਧਾਰਮਿਕ ਅਸਥਾਨਾਂ ਦੀ ਰਾਜਨੀਤੀ ਲਈ ਵਰਤੋਂ ਰੋਕਣ ਲਈ ਰਾਸ਼ਟਰਪਤੀ ਤੋਂ ਆਰਡੀਨੈਂਸ ਜਾਰੀ ਕਰਵਾਇਆ। ਪਰ 16 ਜੂਨ ਨੂੰ 7 ਪਾਰਲੀਮੈਂਟ ਅਤੇ 11 ਵਿਧਾਨ ਸਭਾ ਹਲਕਿਆਂ ਲਈ ਪਈਆਂ ਵੋਟਾਂ ਦੇ ਚੋਣ ਪ੍ਰਚਾਰ ਸਮੇਂ ਰਾਜੀਵ ਗਾਂਧੀ ਦੀ ਪਾਰਟੀ ਕਾਂਗਰਸ (ਆਈ) ਨੇ ਇਸ ਆਰਡੀਨੈਂਸ ਦੀ ਇਖਲਾਕੀ ਸ਼ਕਤੀ ਦੇ ਪਰਖਚੇ ਉਡਾ ਦਿੱਤੇ। ਟੈਲੀਵੀਜ਼ਨ 'ਤੇ ਚੱਲ ਰਹੇ ਰਮਾਇਣ ਸੀਰੀਅਲ ਵਿਚ ਭੂਮਿਕਾ ਨਿਭਾ ਰਹੇ 'ਰਾਮ' (ਸ੍ਰੀ ਅਰੁਨ ਗੋਵਿਲ) ਅਤੇ 'ਹਨੂੰਮਾਨ' ਦੀ ਭੂਮਿਕਾ ਨਿਭਾ ਰਹੇ ਦਾਰਾ ਸਿੰਘ ਨੂੰ ਚੋਣ ਪ੍ਰਚਾਰ ਲਈ ਊਧਮਪੁਰ (ਜੰਮੂ-ਕਸ਼ਮੀਰ), ਅਲਾਹਬਾਦ (ਯੂ. ਪੀ.) ਅਤੇ ਗੋਦਰਾ (ਗੁਜਰਾਤ) ਲਿਆਂਦਾ। ਸ੍ਰੀ ਅਰੁਨ ਗੋਵਿਲ ਵਲੋਂ ਚੋਣ ਪ੍ਰਚਾਰ ਦੌਰਾਨ ਭਾਰਤੀ ਹਵਾਈ ਸੈਨਾ ਦੇ ਹਵਾਈ ਜਹਾਜ਼ ਦੀ ਵਰਤੋਂ ਦੇ ਦੋਸ਼ ਲਈ ਚੋਣ ਕਮਿਸ਼ਨ ਨੇ ਮੁਖ ਚੋਣ ਅਫਸਰ ਜੰਮੂ-ਕਸ਼ਮੀਰ ਨੂੰ ਛਾਣਬੀਣ ਕਰਨ ਲਈ ਕਿਹਾ। ਅਰੁਨ ਗੋਵਿਲ ਨੂੰ ਚੋਣ ਪ੍ਰਚਾਰ ਲਈ ਸੱਦਣ ਦੀ ਨਿਖੇਧੀ ਬਜ਼ੁਰਗ ਕਾਂਗਰਸੀ ਨੇਤਾ ਸ੍ਰੀ ਕਮਲਾਪਤੀ ਤ੍ਰਿਪਾਠੀ ਨੇ ਬੜੇ ਸਪਸ਼ਟ ਸ਼ਬਦਾਂ ਅਤੇ ਦਲੇਰਾਨਾ ਢੰਗ ਨਾਲ ਕੀਤੀ। ਜੇ ਧਰਮ ਨੂੰ ਰਾਜਨੀਤੀ ਨਾਲੋਂ ਵੱਖ ਕਰਨ ਦੇ ਮੰਤਵ ਨਾਲ ਆਰਡੀਨੈਂਸ ਜਾਰੀ ਕਰਾਉਣ ਵਾਲੇ ਹੀ ਉਸ ਦੀ ਸਭ ਤੋਂ ਪਹਿਲਾਂ ਸਿਆਸੀ ਮੰਤਵਾਂ ਲਈ ਉਲੰਘਣਾ ਕਰ ਰਹੇ ਹਨ ਫਿਰ ਉਸ ਨੂੰ ਭਲਾ ਕੌਣ ਮੰਨੇਗਾ? ਭਾਰਤੀ ਸਮਾਜ ਨੂੰ ਧਰਮ, ਰੰਗ, ਜਾਤ, ਵਰਗ ਅਤੇ ਖਿੱਤੇ ਦੀ ਬਿਨਾ ਤੇ ਟੁਕੜੇ-ਟੁਕੜੇ ਹੋਣ ਤੋਂ ਕੌਣ ਰੋਕ ਸਕੇਗਾ? ਜਦੋਂ ਵਾੜ ਹੀ ਖੇਤ ਨੂੰ ਖਾਣ ਤੁਰ ਪਵੇ ਫਿਰ ਉਸ ਦਾ ਰੱਬ ਹੀ ਰਾਖਾ!

## ਸਹਿਨਸ਼ੀਲਤਾ

ਸ੍ਰੀ ਰਾਜੀਵ ਗਾਂਧੀ ਲਗਪਗ ਪਿਛਲੇ ਦੋ ਸਾਲ ਤੋਂ ਹਿੰਸਾ ਰਹਿਤ ਸਮਾਜ ਦੀ ਦੁਹਾਈ ਦਿੰਦੇ ਆ ਰਹੇ ਹਨ। 27 ਨਵੰਬਰ, 1986 ਨੂੰ ਸੋਵੀਅਤ ਨੇਤਾ ਸ੍ਰੀ ਗੋਰਬਾਚੋਵ ਦੇ ਚਾਰ ਰੋਜ਼ਾ ਭਾਰਤੀ ਦੌਰੇ ਦੌਰਾਨ ਸਾਂਝੇ ਦਿੱਲੀ ਐਲਾਨਨਾਮੇ ਵਿਚ ਪ੍ਰਮਾਣੂ ਹਥਿਆਰ ਰਹਿਤ ਅਤੇ ਅਹਿੰਸਾ ਭਰੇ ਸੰਸਾਰ ਲਈ ਲੋਕਾਂ ਅਤੇ ਕੌਮਾਂ ਵਿਚ



ਅਚਾਰੀਆ ਸੁਸ਼ੀਲ ਮੁਨੀ :
"ਕੋਸ਼ਿਸ਼ ਤਾਂ ਕੀਤੀ..."

ਸ਼ਾਂਤੀ, ਆਪਸੀ ਸਨਮਾਨ ਅਤੇ ਸਹਿਨਸ਼ੀਲਤਾ ਖਾਤਰ ਦ੍ਰਿਸ਼ਟੀਕੋਣ ਅਤੇ ਵਿਦਿਆ ਦੇ ਖੇਤਰ ਵਿਚ ਇਨਕਲਾਬੀ ਪਰਿਵਰਤਨ ਦੀ ਲੋੜ 'ਤੇ ਜ਼ੋਰ ਦਿੱਤਾ। ਅਹਿੰਸਾ ਨੂੰ ਭਾਰਤੀ ਸਮਾਜ ਦੇ ਵਿਸ਼ਵਾਸ਼ ਅਤੇ ਸਿਧਾਂਤ ਵਜੋਂ ਦਰਸਾਇਆ। ਇਵੇਂ ਹੀ ਯੂ. ਐਨ. ਓ. ਦੇ ਦੂਸਰੇ ਖਾਸ ਨਿਸ਼ਸ਼ਤਰੀਕਰਨ ਸੈਸ਼ਨ ਵਿਚ ਸ੍ਰੀ ਗਾਂਧੀ ਨੇ ਅਹਿੰਸਾ ਦੀਆਂ ਜੜ੍ਹਾਂ 'ਤੇ ਆਧਾਰਤ ਪ੍ਰਮਾਣੂ ਹਥਿਆਰਾਂ ਰਹਿਤ ਕੌਮਾਂਤਰੀ ਪ੍ਰਣਾਲੀ ਲਈ 22 ਸਾਲਾ 'ਐਕਸ਼ਨ ਪਲਾਨ' 'ਤੇ ਜ਼ੋਰ ਦਿੱਤਾ। ਪਰ ਇਸ ਗੱਲ ਦੀ ਸਮਝ ਅਜੇ ਤੱਕ ਨਹੀਂ ਲਗ ਸਕੀ ਕਿ ਦੇਸ਼ ਅੰਦਰ ਅਹਿੰਸਾ ਦੀ ਨੀਤੀ ਕਿਉਂ ਨਹੀਂ ਅਪਣਾਈ ਜਾ ਰਹੀ? ਹਿੰਸਾ ਕਾਰਨ ਗੋਰਖਾਲੈਂਡ ਸਮੱਸਿਆ ਲਈ ਪੱਛਮੀ ਬੰਗਾਲ ਦੀ ਸਰਕਾਰ ਨੂੰ ਤਾਂ ਤ੍ਰਿਸਕਾਰਿਆ ਜਾਂਦਾ ਹੈ ਜਦ ਕਿ ਉਸ ਤੋਂ ਕਈ ਗੁਣਾਂ ਵੱਧ ਹਿੰਸਾ ਕੇਂਦਰ ਸਰਕਾਰ ਦੁਆਰਾ ਪੰਜਾਬ ਵਿਚ ਵਰਤੀ ਜਾ ਰਹੀ ਹੈ। ਐਸੀ ਦੋ-ਮੂੰਹੀ ਨੀਤੀ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਨਹੀਂ ਸੋਂਹਦੀ। ਹਿੰਸਾ ਨਾਲ ਹਿੰਸਾ ਕਦੇ ਵੀ ਖਤਮ ਨਹੀਂ ਕੀਤੀ ਜਾ ਸਕਦੀ। ਹਾਂ, ਅਹਿੰਸਾ ਨਾਲ ਹਿੰਸਾ ਖਤਮ ਕੀਤੀ ਜਾ ਸਕਦੀ ਹੈ ਅਤੇ ਅਹਿੰਸਾ ਨਾਲ ਅਹਿੰਸਾ ਪੈਦਾ ਕੀਤੀ ਜਾ ਸਕਦੀ ਹੈ। ਸਥਾਈ ਯੋਜਨਾ ਹਿੰਸਾ ਦੇ ਸਹਾਰੇ ਪੰਜਾਬ ਵਿਚ ਕਦੇ ਵੀ ਕਾਮਯਾਬ ਨਹੀਂ ਹੋ ਸਕਦੀ। ਇਸ ਦਾ ਸਿੱਟਾ ਉਵੇਂ ਹੀ ਦੇਸ਼ ਦੀ ਤਬਾਹੀ ਹੋਵੇਗਾ ਜਿਵੇਂ ਪ੍ਰਮਾਣੂ ਜੰਗ ਦਾ ਸਿੱਟਾ ਇਸ ਸੰਸਾਰ ਦਾ ਸਰਵਨਾਸ਼।

ਪੰਜਾਬ ਵਿਚ ਕੀ ਲੋਕਤੰਤਰ ਵਿਚ ਕੋਈ ਵੀ ਸਥਾਈ ਯੋਜਨਾ ਲੋਕਾਂ ਨੂੰ ਵਿਸ਼ਵਾਸ਼ ਵਿਚ ਲਏ ਬਗੈਰ ਸਿਰੇ ਨਹੀਂ ਚੜ੍ਹ ਸਕਦੀ। ਪੰਜਾਬ ਵਿਚ ਸ਼ਾਂਤੀ ਅਤੇ ਅਫਿਰਕੂ ਮਾਹੌਲ ਪੈਦਾ ਕਰਨ ਵਾਸਤੇ ਵੱਖ ਵੱਖ ਪਾਰਟੀਆਂ, ਵਰਗਾਂ, ਧਰਮਾਂ ਅਤੇ ਰੰਗਾਂ ਦੇ ਲੋਕਾਂ ਨੂੰ ਵਿਸ਼ਵਾਸ਼ ਵਿਚ ਲੈਣਾ ਅਤਿ ਜ਼ਰੂਰੀ ਹੈ। ਪ੍ਰਧਾਨ ਮੰਤਰੀ ਨੇ ਆਪਣੇ ਨਿਵਾਸ ਸਥਾਨ ਤੇ ਅਪਰੇਸ਼ਨ ਕਾਲੀ ਗਰਜ ਤੋਂ ਬਾਅਦ 19 ਮਈ ਨੂੰ ਕਿਹਾ ਸੀ ਕਿ ਉਹ ਜੋ ਵਚਨ ਦਿੰਦੇ ਹਨ ਉਸ ਤੇ ਪੱਕੇ ਉਤਰਦੇ ਹਨ। ਉਨ੍ਹਾਂ ਦੇਸ਼, ਕੌਮ ਅਤੇ ਲੋਕਾਂ ਨਾਲ ਭਲਾ ਕੀਤਾ ਕਿਹੜਾ ਵਚਨ ਪੂਰਾ ਕੀਤਾ ਹੈ? 24 ਜੁਲਾਈ, 1985 ਨੂੰ ਉਨ੍ਹਾਂ ਸਵਰਗੀ ਸੰਤ ਲੌਂਗੋਵਾਲ ਨਾਲ 'ਪੰਜਾਬ ਸਮਝੌਤਾ' ਕੀਤਾ ਸੀ। ਅੱਜ ਕਿਥੇ ਹੈ ਉਹ ਦਿੱਤਾ ਲਿਖਤੀ ਵਚਨ? ਕੀ ਇਹੀ ਰਾਸ਼ਟਰੀ ਆਚਰਣ ਹੈ? ਜੇ ਲੋਕਾਂ ਨੂੰ, ਲੋਕ ਨੁਮਾਇੰਦਿਆਂ ਨੂੰ ਅਤੇ ਰਾਸ਼ਟਰੀ ਦਲਾਂ ਨੂੰ ਭਰੋਸੇ ਵਿਚ ਨਾ ਲਿਆ ਗਿਆ ਤਾਂ ਪੰਜਾਬ ਫਿਰਕੂ ਤੇ ਸਰਮਾਏਦਾਰੀ ਸਾਜ਼ਿਸ਼ਾਂ, ਵਿਦੇਸ਼ੀ ਦਖਲ-ਅੰਦਾਜ਼ੀ ਅਤੇ ਆਤੰਕਵਾਦੀ ਗਤੀਵਿਧੀਆਂ ਦਾ ਸ਼ਿਕਾਰ ਹੁੰਦਾ ਚਲਾ ਜਾਵੇਗਾ। ਸਥਾਈ ਯੋਜਨਾ ਦੇ ਸਿੱਟੇ ਵਜੋਂ ਹਾਲ ਪੰਜਾਬ ਸਮਝੌਤੇ ਤੋਂ ਵੀ ਬਦਤਰ ਹੋਵੇਗਾ।

## ਸਹਿਯੋਗ

ਦਰਅਸਲ ਪ੍ਰਧਾਨ ਮੰਤਰੀ ਨੂੰ ਬਿਆਨਬਾਜ਼ੀ ਕਰਨ ਤੋਂ ਪਹਿਲਾਂ ਆਪਣੇ ਪਦ ਅਤੇ ਰਾਸ਼ਟਰੀ ਆਚਰਣ ਬਾਰੇ ਸੋਚ ਲੈਣਾ ਚਾਹੀਦਾ ਹੈ। ਵਿਦੇਸ਼ਾਂ ਵਿਚ ਜਾ ਕੇ ਕੀਤੀ ਜਾਂਦੀ ਬਿਆਨਬਾਜ਼ੀ, ਪ੍ਰਚਾਰ ਤੇ ਪ੍ਰਸਾਰ ਆਪਣਾ ਹੀ ਝੱਗਾ ਚੁਕਾ ਕੇ ਢਿੱਡ ਨੰਗਾ ਕਰ ਕੇ ਵਿਖਾਉਣ ਵਾਲੀ ਗੱਲ ਹੁੰਦੀ ਹੈ। ਪੰਜਾਬ ਸਮੱਸਿਆ ਗੁਪਤ ਯੋਜਨਾਵਾਂ, ਰਾਜਕੀ ਜ਼ਬਰ ਅਤੇ ਹਿੰਸਾ ਨਾਲ ਨਹੀਂ ਹੱਲ ਹੋ ਸਕਣੀ। ਇਹ ਹੱਲ ਹੋਣੀ ਹੈ ਤਾਂ ਆਖਰ ਰਾਜਨੀਤੀ ਦੇ ਮੂਲ ਸਿਧਾਂਤਾਂ ਤੇ ਚਲ ਕੇ, ਲੋਕਾਂ ਨੂੰ ਵਿਸ਼ਵਾਸ਼ ਵਿਚ ਲੈ ਕੇ ਅਤੇ ਹਿੰਸਕ ਜ਼ਬਰ ਤਜ ਕੇ। ਆਸ ਹੈ ਕਿ ਸਾਡੇ ਪ੍ਰਧਾਨ ਮੰਤਰੀ ਇਸ ਮਾਰਗ 'ਤੇ ਚਲਣ ਦੀ ਅਗਵਾਨੀ ਕਰਨਗੇ ਤੇ ਬਾਕੀ ਧਿਰਾਂ ਦਾ ਸਹਿਯੋਗ ਪ੍ਰਾਪਤ ਕਰ ਸਕਣਗੇ।


NEW YORK LIFE

NEW YORK LIFE INSURANCE COMPANY
2030-1055 W. Georgia Street.
Vancouver, B.C. V6E 3P3

LIFE ■ HEALTH ■ GROUP ■
DISABILITY INSURANCE

ਬੀਮਾ ਲੋੜਾਂ ਹਰ ਇਕ ਆਦਮੀ ਦੀ ਮਾਸਕ ਆਮਦਨ ਮੁਤਾਬਕ ਹੁੰਦੀਆਂ ਹਨ
ਤੁਹਾਨੂੰ ਕਿੰਨੇ ਬੀਮੇ ਦੀ ਲੋੜ ਹੈ, ਤੁਸੀਂ ਰੀਟਾਇਰ ਹੋਣ ਵੇਲੇ ਕਿੰਨੀ ਆਮਦਨ ਮੰਗਦੇ
ਹੋ,
ਮੈਂ ਤੁਹਾਨੂੰ ਦੱਸਾਂਗਾ ਕਿ ਤੁਹਾਨੂੰ ਕੀ ਵਾਜਬ ਹੈ ?

Bhupinder Dhaliwal

Off: 685-7364 Res: 589-1559



Bhupinder Dhaliwal

## 'ਕੈਨੇਡਾ ਦਰਪਣ' ਆਪ ਪੜ੍ਹੋ ਤੇ ਦੂਜਿਆਂ ਨੂੰ ਪੜ੍ਹਨ ਲਈ ਪਰੇਰੋ



ਜਰਨੈਲ ਸਿੰਘ ਸਰਾਂ

ਮਕਾਨ ਖ਼ੀਦਣ ਜਾਂ ਵੇਚਣ ਲਈ
ਤਜਰਬੇਕਾਰ ਸੇਲਜ਼ਮੈਨ ਦੇ ਤਜਰਬੇ ਦਾ ਲਾਭ ਉਠਾਓ
ਅੱਜ ਹੀ

**ਜਰਨੈਲ ਸਿੰਘ ਸਰਾਂ** ਨੂੰ ਫ਼ੋਨ ਕਰੋ

**ਫ਼ੋਨ : 585-4888**
**ਘਰ : 590-0413**

For Professional Market Evaluation and Consultation

**Jarnail S. Saran**
**Bus: 585-4888 Res: 590-0413**
9320 Scott Road (120 St.) Surrey, B.C. V3V 4B8


## ਜਨਤਾ ਨਰਾਜ਼ ਆਗੂ ਵਲੋਂ ਦੋਸ਼ਾਂ ਦਾ ਖੰਡਨ

ਬੰਗਲੌਰ — ਕਰਨਾਟਕ ਦੀ ਜਨਤਾ ਪਾਰਟੀ ਵਿਚਲੇ ਨਰਾਜ਼ ਵਿਧਾਇਕਾਂ ਦੇ ਮੋਹਰੀ ਸ੍ਰੀ ਐਚ. ਡੀ. ਦੇਵ ਗੌੜਾ ਨੇ ਕਰਨਾਟਕ ਦੇ ਮੁਖ ਮੰਤਰੀ ਸ੍ਰੀ ਰਾਮਕ੍ਰਿਸ਼ਨ ਹੈਗੜੇ ਦੇ ਇਸ ਦੋਸ਼ ਦੀ ਤਰਦੀਦ ਕੀਤੀ ਹੈ ਕਿ ਉਹਨਾਂ ਨੇ ਦਸਤਖਤੀ ਮੁਹਿਮ ਰਾਹੀਂ ਜਨਤਾ ਸਰਕਾਰ ਨੂੰ ਡੇਗਣ ਦਾ ਯਤਨ ਕੀਤਾ ਸੀ। ਇਥੇ ਅਖਬਾਰੀ ਨੁਮਾਇੰਦਿਆਂ ਨਾਲ ਗੱਲਬਾਤ ਕਰਦੇ ਹੋਏ ਸ੍ਰੀ ਗੌੜਾ ਨੇ ਇਸ ਇਲਜ਼ਾਮ ਨੂੰ ਬਚਗਾਨਾ ਕਰਾਰ ਦਿੱਤਾ।


**ਪ੍ਰਿੰਸ ਰੂਪਰਟ ਵਿਚ**
ਹਿੰਦੀ, ਪੰਜਾਬੀ, ਪਾਕਿਸਤਾਨੀ ਮੁਵੀਆਂ ਲਈ
**ਮੋਨੀਕਾ ਵੀਡੀਓ**
ਨੂੰ ਯਾਦ ਰੱਖੋ
ਜਿਥੋਂ ਤੁਹਾਨੂੰ ਨਵੀਆਂ ਫਿਲਮਾਂ ਤੇ ਵਧੀਆ ਪ੍ਰਿੰਟ ਮਿਲਦੇ ਹਨ
**ਫ਼ੋਨ ਕਰੋ : ਪਾਲ ਮੋਦਗਿੱਲ**
**627-1637**



**ਬੰਬੇ ਸਵੀਟਸ ਮੈਨੂਫੈਕਚਰਰ ਇਨਕ**
ਮਠਿਆਈਆਂ ਦੀ ਸਭ ਤੋਂ ਵੱਡੀ ਦੁਕਾਨ!
**BOMBAY SWEETS MANUFACTURER INC.**
6556 —6560 MAIN (at 49th.Ave.)
VANCOUVER, B.C. V5X 3G9
Tel. (604) 321-1414
Or 874-5722
CONTACT:
**NARESH SHUKLA & BROS.**

$2.50 / ਪੌਂਡ ਵਾਲੀਆਂ ਜਲੇਬੀਆਂ $1.49

$2.50 / ਪੌਂਡ ਵਾਲੇ ਲੱਡੂ $1.75




Editor: Darshan Kaur Bains
ਨਵਰੰਗ ਵਿਚ ਇਸ਼ਤਿਹਾਰ ਦੇਣ ਵਾਸਤੇ
ਇਸ ਨੰਬਰ ਤੇ ਫੋਨ ਕਰੋ
**274-1213**
ਪਤਾ:
Navrang Publication Ltd.
P.O.BOX 23524
VANCOUVER AMF
B.C. V7B 1W2

ਨਵਰੰਗ ਦੇ ਮੈਂਬਰ ਬਣੋ
ਚੰਦਾ $20 ਡਾਲਰ
ਇਕ ਸਾਲ ਲਈ


**INCOME TAX** from $15
**ACCOUNTING**

ਸਰੀ ਵਿਚ ਆਪਣੀ ਕਮਿਊਨਿਟੀ ਦਾ ਭਰੋਸੇਯੋਗ ਇਨਕਮ ਟੈਕਸ ਦੇ ਫਾਰਮ ਭਰਨ ਵਾਲਾ ਦਫਤਰ। ਮਾਂਗਟ ਹੋਰਾਂ ਦੇ 25 ਸਾਲਾਂ ਦੇ ਤਜਰਬੇ ਦਾ ਵਾਜਬ ਰੇਟ ਤੇ ਲਾਭ ਉਠਾਉ। ਦਫਤਰ ਸਾਰਾ ਸਾਲ ਖੁੱਲ੍ਹਾ ਰਹਿੰਦਾ ਹੈ।

- Income Tax
- Book-Keeping
- Accounting & Incorporation
- Insurance(Life, Sickness, Group, Travel, Visitors)


**C.S. Mangat**
(Ex. Bank Manager)

**MANGAT AGENCIES**
No. 2-7171 King George HWY
SURREY, B.C.
(Authorized Ad)
**594-5711 594-2254**


## 'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ

## SUBSCRIPTION FORM

To
The Canada Darpan
P.O.BOX 265
Surrey, B.C.
Canada, V3T 4W8
Ph. 581-4473

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name..........................................
Address.......................................
City..........................................
Province......................................
Postal code...................................
PHONE.

| | |
|---|---|
| One Year ..................... | 30 dollars |
| Two Year ..................... | 55 dollars |
| Three year ................... | 80 dollars |
| Life membership.......... | 500 dollars |
| ASIA................................ | 150 dollars [a year] |
| U.S.A. ............................ | 35 dollars [a year] |
| Europe ............................ | 150 dollars[a year] |
| Africa ............................. | 150 dollars [a year] |


# A.M.C. Carpet Ltd.

Unit 8 - 12950 - 80th Ave. Surrey, B.C.

**Carpet-Vinyl-Hardwood** All Popular Brands Supplied & Installed

ਕਿਸੇ ਵੀ ਪ੍ਰਕਾਰ ਦਾ ਕਾਰਪੇਟ ਜਾਂ Lino ਨਵੇਂ ਜਾਂ ਪੁਰਾਣੇ ਘਰ ਵਿਚ ਪਵਾਉਣਾ ਹੋਵੇ, ਸਾਡੀਆਂ ਕੀਮਤਾਂ ਦੂਸਰੇ ਸਟੋਰਾਂ ਨਾਲੋਂ ਘੱਟ ਹਨ, ਪੂਰੇ ਕੰਮ ਦੀ ਗਰੰਟੀ ਹੈ

**Free Estimate —**
ਨਵੇਂ ਜਾਂ ਪੁਰਾਣੇ ਘਰ ਲਈ ਸਾਨੂੰ ਫੋਨ ਕਰੋ :
Phone for appointment


AMARJIT SINGH CHAHAL

**Off. 594-6141**
**Res. 594-7595** **Pager 680-0214**

# ਕਮਿਊਨਿਸਟ ਦੇਸ਼ ਅਤੇ ਮਜ਼ਦੂਰ ਕਿਸਾਨ ਲਈ ਕਿਉਂ ਖੜ੍ਹਦੇ ਹਨ ?

**ਪਹਿਲੀ ਕਿਸ਼ਤ** — **ਗੁਰਨਾਮ ਸਿੰਘ ਸੰਘੇੜਾ**

ਸਭ ਤੋਂ ਪਹਿਲਾਂ ਫਿਰਕੂ ਜਨੂੰਨੀਆਂ, ਵੱਖਵਾਦੀਆਂ, ਅਤਿਵਾਦੀਆਂ, ਖਾਲਿਸਤਾਨੀਆਂ ਹੱਥੋਂ ਮਾਰਕਸੀ ਲੈਨਿਨੀ ਵਿਚਾਰਧਾਰਾ ਵਾਲੇ ਸਾਥੀਆਂ ਦੀਆਂ ਸ਼ਹੀਦੀਆਂ ਨੂੰ ਸ਼ਰਧਾਂਜਲੀ ਭੇਂਟ ਕਰਦਾ ਹਾਂ । ਇਹ ਸ਼ਹੀਦ ਮਜ਼ਦੂਰ ਕਿਸਾਨ ਦੀ ਏਕਤਾ, ਭਰਾਤਰੀ ਸਦਭਾਵਨਾ ਅਤੇ ਭਾਰਤੀ ਅਖੰਡਤਾ ਲਈ ਲੜੇ ਅਤੇ ਅਗੋਂ ਤੋਂ ਇਹਨਾਂ ਦੀਆਂ ਕੁਰਬਾਨੀਆਂ ਅਤੇ ਸੀ. ਪੀ. (ਐਮ) ਤੇ ਸੀ ਪੀ ਆਈ ਵਲੋਂ ਮੋਹਰਲੀ ਕਤਾਰ ਵਿਚ ਖੜਕੇ ਅਗਵਾਈ ਦੇਣ ਨੇ ਪੰਜਾਬ ਦੇ ਲੋਕਾਂ ਨੂੰ ਬਹੁਤ ਹੌਸਲਾ ਦਿੱਤਾ ਅਤੇ ਲੋਕਾਂ ਵਿਚ ਸ਼ਲਾਘਾਯੋਗ ਤੇ ਵੱਡੀ ਥਾਂ ਬਣਾਈ ਹੈ । ਇਸ ਹੀ ਤਰ੍ਹਾਂ ਹੋਰਾਂ ਸੂਬਿਆਂ ਵਿਚ । ਨਾਲ ਹੀ ਹਜ਼ਾਰਾਂ ਹੀ ਨਿਰਦੋਸ਼ਿਆਂ ਦੇ ਇਹਨਾਂ ਵਹਿਸ਼ੀ ਵਖਵਾਦੀਆਂ ਹੱਥੋਂ ਕਤਲਾਂ ਦਾ ਖੰਡਨ ਕਰਦੇ ਹਾਂ ਤੇ ਮਾਰੇ ਗਏ ਲੋਕਾਂ ਦੇ ਪਰਿਵਾਰਾਂ ਨਾਲ ਦਿਲੀ ਦੁਖ ਦਾ ਪ੍ਰਗਟਾਵਾ ਕਰਦੇ ਹਾਂ ।

ਹੁਣ ਇਸ ਲੇਖ ਦਾ ਵਿਸ਼ਾ ਸ੍ਰੀ ਹਰਚਰਨ ਸਿੰਘ ਬੈਂਸ ਦੇ 10 ਜੂਨ 1988 ਦੇ 'ਇੰਡੋ-ਕਨੇਡੀਅਨ ਟਾਈਮਜ਼' ਦੇ ਪੰਜਾਬੀ ਪੱਤ੍ਰਕਾ ਸੈਕਸ਼ਨ ਵਿਚ "ਪੰਜਾਬ ਵਿਚ ਕਾਮਰੇਡਾਂ ਦੇ ਗੋਲੀਆਂ ਕਿਉਂ ਵੱਜ ਰਹੀਆਂ ਹਨ ?" ਲੇਖ ਬਾਰੇ ਕੁਝ ਵਿਚਾਰ ਕਰਨੇ ਅਤੇ ਵਿਸਥਾਰ ਸਹਿਤ ਗੱਲ ਕਰਨੀ ਹੈ । ਇਹ ਲੇਖ ਪੰਜਾਬੀ ਟ੍ਰਿਬਿਊਨ ਵਿਚ ਭੀ ਛਪ ਚੁੱਕਾ ਹੈ । ਇਹ ਲੇਖ ਬਹੁਤ ਪੇਤਲਾ, ਦਲੀਲ ਰਹਿਤ, ਬਿਨ ਸਿਰ ਪੈਰ ਤੋਂ ਤੁਹਮਤਾਂ ਭਰਿਆ ਇਕ ਪ੍ਰਾਪੇਗੰਡਾ ਹੈ ਜੋ ਵਖਵਾਦੀਆਂ, ਅਤਿਵਾਦੀਆਂ ਅਤੇ ਅਮਰੀਕੀ ਸਾਮਰਾਜ ਤੇ ਉਸ ਦੀ ਸੀ. ਆਈ. ਏ. ਦੇ ਹੱਕ ਵਿਚ ਭੁਗਤਦਾ ਹੈ । ਉਸ ਨੂੰ ਪੰਜਾਬ ਤੇ ਪੰਜਾਬੀ ਲੋਕਾਂ ਦੇ ਮਸਲੇ ਦੀ ਥਾਂ ਬਿਲਕੁਲ ਸਿੱਖ ਮਸਲਾ ਜਾਪਦਾ ਹੈ ਅਤੇ ਅਮਰੀਕਾ ਤੇ ਸੀ. ਆਈ. ਏ. ਦਾ ਹੱਥ ਨਹੀਂ ਜਾਪਦਾ (ਜਦੋਂ ਕਿ ਹੁਣ ਸਬੂਤ ਮੌਜੂਦ ਹਨ) । ਇਥੇ ਦੋ ਕਿਸਮ ਦੀਆਂ ਦਲੀਲਾਂ ਹੋ ਸਕਦੀਆਂ ਹਨ ਕਿ (1) ਇਹ ਸ੍ਰੀਮਾਨ ਜੀ ਇਹਨਾਂ ਪੱਖਾਂ ਦੇ ਗਿਆਨ ਤੋਂ ਅਣਜਾਣ ਤੇ ਕੋਰੇ ਹਨ । ਜਾਂ (2) ਇਹਨਾਂ ਨੇ ਜਾਣ ਬੁਝ ਕੇ ਊਲ ਜਲੂਲ ਦਾਗ ਮਾਰਿਆ । ਮੇਰੇ ਖਿਆਲ ਵਿਚ ਦੂਜਾ ਪੱਖ ਹੈ । ਜਿਸ ਢੰਗ ਨਾਲ ਇਹੋ ਜਿਹਾ ਪ੍ਰਚਾਰ ਕੀਤਾ ਜਾਂਦਾ ਹੈ, ਉਸ ਦੀ ਸੁਰ ਕਾਂਗਰਸ ਸਰਕਾਰ ਅਤੇ ਸਾਮਰਾਜੀ ਹਿਤਾਂ ਨਾਲ ਰਲਦੀ ਹੈ ।

ਅਸੀਂ ਹਰ ਮਸਲੇ ਨੂੰ ਠੋਸ ਇਤਿਹਾਸਕ ਹਾਲਾਤ ਵਿਚ ਰੱਖ ਕੇ ਉਸ ਦੇ ਹਰ ਪੱਖ ਨੂੰ ਆਰਥਕ, ਸਿਆਸੀ, ਸਮਾਜਕ, ਸਭਿਆਚਾਰਕ, ਧਾਰਮਿਕ ਆਦਿ ਨੁਕਤਿਆਂ ਤੋਂ ਦੇਖਦੇ ਹਾਂ ਪਰ ਫੈਸਲਾਕੁਨ ਤੱਤ ਆਰਥਕ ਹੈ । ਇਕੋ ਧਰਮ ਜਾਂ ਜਾਤ ਜਾਂ ਰੰਗ ਆਦਿ ਦੇ ਹਾਕਮ ਅਤੇ ਮਾਲਕ ਦੀ ਮਹਿਕੂਮ ਤੇ ਮਜ਼ਦੂਰ ਦੀ ਕੋਈ ਸਾਂਝ ਨਹੀਂ । ਗੱਲ ਆਰਥਕ ਵੰਡ ਦੀ ਹੈ । ਪੈਦਾਵਾਰੀ ਰਿਸ਼ਤੇ ਕਿਸ ਦੇ ਅਧੀਨ ਹਨ ? ਪੈਦਾਵਾਰ ਕਰਨ ਵਾਲੇ ਸਾਧਨਾਂ ਦੇ ਮਾਲਕ ਨੇ ਮੁਨਾਫਾਖੋਰੀ ਤੇ ਲੁੱਟ ਕਰਨੀ ਹੈ । ਸੋ ਗਲ ਕਿਸੇ ਧਰਮ ਜਾਂ ਰੰਗ ਆਦਿ ਦੀ ਨਹੀਂ । ਇਸ ਲਈ ਗੱਲ ਸਮਾਜੀ ਤੇ ਆਰਥਿਕ ਵੰਡ ਭਾਵ ਜਮਾਤੀ ਵੰਡ ਦੀ ਹੈ । ਜਿੰਨੀ ਦੇਰ ਪੈਦਾਵਾਰੀ ਸਾਧਨਾਂ ਦੇ ਮਾਲਕ ਧਨੀ, ਰਾਜ ਕਰੰਦੇ ਹਨ, ਉਨੀ ਦੇਰੀ ਉਹ ਮਜ਼ਦੂਰ ਕਿਸਾਨ ਦੇ ਕਲਿਆਣ ਦੀ ਗੱਲ ਨਹੀਂ ਕਰਨਗੇ ਕਿਉਂਕਿ ਹੁਣ ਦੇ ਆਪਸੀ ਹਿਤਾਂ ਅਮਿਟ ਵਿਰੋਧ ਵਾਲੇ ਹਨ । ਇਸ ਲਈ ਮਾਲਕ ਕੋਸ਼ਿਸ਼ ਕਰੇਗਾ ਕਿ ਮਜ਼ਦੂਰਾਂ ਨੂੰ ਕਮਜ਼ੋਰ ਰੱਖਣ ਲਈ, ਉਹਨਾਂ ਨੂੰ ਵੰਡ ਕੇ ਰੱਖਿਆ ਜਾਵੇ । ਅਤੇ ਵੰਡ ਪਾਉਣ ਵਾਲੇ ਕਾਰਨ ਧਰਮ, ਰੰਗ, ਇਲਾਕਾ, ਜਾਤ, ਕਬੀਲਾ ਅਤੇ ਦੇਸ਼ ਆਦਿ ਵਰਤੇ ਜਾਂਦੇ ਹਨ । ਰਾਜ ਸੱਤਾ ਵਿਚ ਰਹਿਣ ਮਜ਼ਦੂਰ ਵਿਰੋਧੀ ਹਾਕਮ ਜਮਾਤ, ਇਹੋ ਜਿਹੀਆਂ ਵੰਡਾਂ ਨੂੰ ਵਰਤਦੀ, ਪੈਦਾ ਕਰਦੀ ਅਤੇ ਉਤਸ਼ਾਹਿਤ ਕਰਦੀ ਹੈ (ਜਮਾਤਾਂ, ਜਮਾਤੀ ਵੰਡ ਅਤੇ ਵਿਚਾਰਧਾਰਕ ਚੇਤਨਤਾ ਬਾਰੇ ਅੱਗੇ ਜਾਕੇ) । ਕੌਮੀ ਹਿਤ ਜਮਾਤੀ ਹਿਤਾਂ ਤੋਂ ਵਖਰੇ ਨਹੀਂ । ਹਰ ਜਮਾਤ ਦਾ ਕੌਮੀ ਹਿਤਾਂ ਪ੍ਰਤੀ ਕੀ ਰਵੱਈਆ ਹੈ, ਇਹ ਉਸ ਜਮਾਤ ਦੇ ਆਪਣੇ ਲਾਭਾਂ ਅਤੇ ਸਮਾਜ ਵਿਚ ਉਸ ਦੇ ਸਥਾਨ ਤੇ ਨਿਰਭਰ ਕਰਦਾ ਹੈ ।

ਅਸੀਂ ਅੰਤਰ-ਰਾਸ਼ਟਰੀ ਹੁੰਦੇ ਹੋਏ ਭੀ ਦੇਸ਼ ਭਗਤ ਦੇਸ਼ ਦੇ ਅਖੰਡਤਾ, ਆਜ਼ਾਦੀ ਅਤੇ ਭਰਾਤਰੀ ਭਾਵ ਦੇ ਝੰਡਾ ਬਰਦਾਰ ਹਾਂ ਕਿਉਂਕਿ ਮਜ਼ਦੂਰਾਂ ਦੇ ਹਿਤ ਸਾਂਝੇ ਹਨ । ਪਰ ਅਸੀਂ ਇਕ ਦੂਜੇ ਦੇਸ਼ ਉਪਰ ਕਬਜ਼ੇ ਜਾਂ ਧਰਮ ਆਦਿ ਦੇ ਨਾਮ ਉਪਰ ਵੰਡੀਆਂ ਦੇ ਵਿਰੁਧ ਹਾਂ । ਧਰਮ ਤਾਂ ਕਿਸੇ ਵਿਅਕਤੀ ਦਾ ਅੰਦਰਲਾ ਮਾਮਲਾ ਹੈ (ਇਸ ਤੇ ਭੀ ਅਗਲੇ ਹਿੱਸੇ ਵਿਚ ਵਿਸਥਾਰ ਨਾਲ ਵਿਚਾਰ) ਅਤੇ ਇਸ ਦਾ ਸਿਆਸਤ ਨਾਲ ਕੋਈ ਸਬੰਧ ਨਹੀਂ । ਪਰ ਜਦੋਂ ਭੀ ਇਸ ਨੇ ਮੋਹਰਲੀ ਕਤਾਰ ਵਿਚ ਹੋ ਕੇ ਸਿਆਸਤ ਵਿਚ ਹਿੱਸਾ ਪਾਇਆ ਤੇ ਰਾਜ ਸੱਤਾ ਵਿਚ ਦਖਲ ਅੰਦਾਜ਼ੀ ਕੀਤੀ ਤਾਂ ਲੋਕਾਂ ਦਾ ਕਤਲੇਆਮ ਕਰਾਇਆ, ਦੱਬੇ ਕੁਚਲਿਆਂ ਨੂੰ ਦਬਾਉਣ ਵਿਚ ਸਮੇਂ ਦੇ ਹਾਕਮਾਂ ਤੇ ਬਦੇਸ਼ੀ ਸਾਮਰਾਜੀਆਂ ਦਾ ਹੱਥ ਠੋਕਾ ਭੀ ਬਣਿਆ । ਮਾਰਕਸਵਾਦ ਲੈਨਿਨਵਾਦ ਦੇ ਸਰਬ ਵਿਆਪਕ ਅਸੂਲ ਹਨ ਜਿਵੇਂ ਮਜ਼ਦੂਰ ਵਰਗ ਅਤੇ ਇਸ ਦੀ ਪਾਰਟੀ ਦਾ ਹਰਾਵਲ ਦਸਤੇ ਦਾ ਰੋਲ, ਲੋਕਾਂ ਦਾ ਇਨਕਲਾਬੀ ਐਕਸ਼ਨ, ਲੋਟੂ ਜਮਾਤ ਦੀ ਸਟੇਟ ਮਸ਼ੀਨ ਨੂੰ ਤੋੜਨਾ, ਪੈਦਾਵਾਰੀ ਸਾਧਨਾਂ ਦਾ ਕੌਮੀਕਰਨ, ਅਮਨ, ਆਮ ਲੋਕਾਂ ਲਈ ਸਭਿਆਚਾਰਕ ਕਦਰਾਂ ਕੀਮਤਾਂ ਅਤੇ ਹਰ ਇਕ ਨੂੰ ਕੁੱਲੀ, ਗੁੱਲੀ ਤੇ ਜੁੱਲੀ ਦੇਣਾ ਆਦਿ ਹਨ । ਲੈਨਿਨ ਦੇ ਅਨੁਸਾਰ "ਬੋਲਸ਼ਿਵਿਜ਼ਮ ਸਾਰਿਆਂ ਲਈ ਦਾਅ ਪੇਚਾਂ ਦਾ ਨਮੂਨਾ ਹੈ" । ਪਰ ਹਰ ਦੇਸ਼ ਦੇ ਆਪਣੇ ਵਿਸ਼ੇਸ਼ ਤੇ ਵਿਲੱਖਣ ਹਾਲਾਤ ਨੂੰ ਧਿਆਨ ਵਿਚ ਰੱਖਣਾ ਜ਼ਰੂਰੀ ਹੈ । ਭਾਰਤ ਦੀ ਮਾਰਕਸੀ ਪਾਰਟੀ ਨੇ ਆਪਣੇ ਪਾਲਸੀ ਬਿਆਨ ਵਿਚ ਇਉਂ ਲਿਖਿਆ ਹੈ,

"ਸਾਡੀ ਪਾਰਟੀ ਨਵੀਂ ਸਮਝ ਉਤੇ ਪੁੱਜੀ ਹੈ । ਜਿਸ ਰਾਹ ਨੂੰ ਅਸੀਂ ਨਾ ਰੂਸੀ ਤੇ ਨਾ ਚੀਨੀ ਨਾਮ ਦਿੰਦੇ ਹਾਂ ਤੇ ਨਾ ਦੇ ਸਕਦੇ ਹਾਂ । ਇਹ ਹੋਣਾ ਚਾਹੀਦਾ ਹੈ ਅਤੇ ਇਹ ਉਹ ਹੈ ਜਿਹੜਾ ਮਾਰਕਸ, ਐਂਗਲਜ਼, ਲੈਨਿਨ ਤੇ ਸਟਾਲਿਨ ਦੀਆਂ ਸਿਖਿਆਵਾਂ ਦੇ ਅਨੁਸਾਰੀ ਹੈ । ਅਤੇ ਜਿਹੜਾ ਇਤਿਹਾਸ ਦੇ ਸਾਰੇ ਸੰਗਰਾਮਾਂ, ਖਾਸ ਕਰਕੇ ਰੂਸੀ ਤੇ ਚੀਨੀ ਇਨਕਲਾਬਾਂ ਦੇ ਸਬਕਾਂ ਤੋਂ ਲਾਭ ਉਠਾਉਂਦਾ ਹੈ । ਰੂਸੀ ਇਸ ਕਰਕੇ ਕਿਉਂਕਿ ਸੰਸਾਰ ਦਾ ਇਹ ਪਹਿਲਾ ਸੋਸ਼ਲਿਸਟ ਇਨਕਲਾਬ ਸੀ ਜਿਹੜਾ ਮਜ਼ਦੂਰ ਜਮਾਤ ਨੇ ਲੈਨਿਨ ਤੇ ਸਟਾਲਿਨ ਦੀ ਕਮਿਊਨਿਸਟ ਪਾਰਟੀ ਦੀ ਅਗਵਾਈ ਹੇਠ ਇਕ ਸਰਮਾਏਦਾਰੀ ਤੇ ਸਾਮਰਾਜੀ ਦੇਸ਼ ਵਿਚ ਸਿਰੇ ਚੜ੍ਹਾਇਆ ਤੇ ਚੀਨੀ ਇਸ ਕਰਕੇ ਕਿਉਂਕਿ ਨੀਮ ਗੁਲਾਮ ਤੇ ਅਧੀਨ ਦੇਸ਼ ਵਿਚ ਇਹ ਪਹਿਲਾ ਲੋਕ ਜਮਹੂਰੀ ਇਨਕਲਾਬ ਸੀ ਜਿਹੜਾ ਕਮਿਊਨਿਸਟ ਪਾਰਟੀ ਦੀ ਅਗਵਾਈ ਵਿਚ ਹੋਇਆ ਤੇ ਜਿਸ ਵਿਚ ਕੌਮੀ ਬੁਰਜ਼ੁਆਜ਼ੀ (ਸਰਮਾਏਦਾਰੀ) ਨੇ ਵੀ ਹਿੱਸਾ ਲਿਆ । ਨਾਲ ਹੀ ਇਹ ਯਾਦ ਰਖਣਾ ਜ਼ਰੂਰੀ ਹੈ ਕਿ ਹਰ ਦੇਸ਼ ਦੇ ਆਪਣੇ ਉਚੇਚੇ ਕੁਦਰਤੀ ਤੇ ਸਮਾਜੀ ਖਾਸੇ ਹੁੰਦੇ ਹਨ ਜਿਹੜੇ ਆਜ਼ਾਦੀ ਲਈ ਇਸ ਦੇ ਰਾਹ ਨੂੰ ਨਿਰਧਾਰਤ ਕਰਨ ਵਿਚ ਅਸਰ ਪਾਏ ਬਿਨਾਂ ਨਹੀਂ ਰਹਿ ਸਕਦੇ ।"

ਕਾਂਗਰਸ ਦੀ ਹਾਕਮ ਕੇਂਦਰੀ ਸਰਕਾਰ ਨੇ ਮੁੱਢ ਤੋਂ ਹੀ ਦੇਸ਼ ਦੇ ਲੋਕਾਂ ਵਿਚ ਭਾਰਤੀਆਂ ਦੇ ਤੌਰ ਤੇ ਏਕਤਾ ਭਰਨ, ਘੱਟ ਗਿਣਤੀਆਂ ਦੀ ਪੂਰੀ ਰਾਖੀ ਕਰਨ ਅਤੇ ਲੋਕਾਂ ਦੀ ਲੁੱਟ ਖਸੁੱਟ ਖਤਮ ਕਰਨ ਤੋਂ ਅਸਮਰਥ ਰਹੀ ਅਤੇ ਸਗੋਂ ਗੱਦੀ ਤੇ ਰਹਿਣ ਲਈ ਧਰਮ, ਜਾਤ ਆਦਿ ਦੀਆਂ ਵੰਡਾਂ ਨੂੰ ਵਰਤਿਆ ਤੇ ਉਤਸ਼ਾਹਤ ਕੀਤਾ । ਪਰ ਇਹ "ਇਤਿਹਾਸਕ ਤਜਰਬਾ ਹੈ ਕਿ ਜੇ ਸਰਮਾਏਦਾਰੀ ਦੇ ਹੱਥ ਸੁਤੰਤਰਤਾ ਸੰਗਰਾਮ ਦੀ ਸਰਦਾਰੀ ਹੋਵੇ ਤਾਂ ਉਹ ਕੌਮੀ ਜਮਹੂਰੀ ਇਨਕਲਾਬ ਨੂੰ ਉਸ ਦੀ ਸੰਪੂਰਨਾ ਤਕ ਅਗੇ ਨਹੀਂ ਖੜ੍ਹਦੀ" (ਸੀ. ਪੀ. ਐ. ਪ੍ਰੋਗਰਾਮ) । ਇਸ ਸ੍ਰੀਮਾਨ ਨੂੰ ਇਤਰਾਜ ਹੈ ਕਿ ਖੱਬੀਆਂ ਪਾਰਟੀਆਂ ਕਾਂਗਰਸ ਨੂੰ ਨਿੰਦਦੀਆਂ ਭੀ ਹਨ ਪਰ ਕਈ ਵਾਰ ਉਸ ਦੀ ਵਕਤੀ ਮਦਦ ਕਰ ਦਿੰਦੀਆਂ ਹਨ ਸ਼ਾਇਦ ਸ੍ਰੀਮਾਨ ਜੀ ਨੂੰ ਰਾਜਨੀਤਕ ਸਾਇੰਸ ਤੇ ਸਮਾਜੀ ਵਿਗਿਆਨ ਦਾ ਗਿਆਨ ਨਹੀਂ । ਅਤੇ ਮਾਰਕਸੀ ਪਾਰਟੀ ਬਾਰੇ ਭੀ ਪਤਾ ਨਹੀਂ । ਜੇ ਮਹਾਂਰਾਜਿਆਂ ਦੇ ਭੱਤੇ ਕਾਂਗਰਸ ਬੰਦ ਕਰਦੀ ਹੈ ਤਾਂ ਕੀ ਵਿਰੋਧ ਕੀਤਾ ਜਾਂਦਾ । ਜਦੋਂ ਇੰਦਰਾ ਗਾਂਧੀ ਨੇ ਐਮਰਜੈਂਸੀ ਲਾਈ ਤਾਂ ਮਾਰਕਸੀ ਪਾਰਟੀ ਨੇ ਡਟਵਾਂ ਵਿਰੋਧ ਕੀਤਾ ਤੇ ਸਾਲਾਂ ਬੱਧੀ ਜੇਲ੍ਹਾਂ ਵਿਚ ਰਹੇ । ਪਰ ਹੁਣ ਜੇ ਪਿੱਛੇ ਖਿਚੂ, ਲੋਕ ਦੁਸ਼ਮਣ ਤੇ ਫਿਰਕੂ ਪਾਰਟੀਆਂ ਕਾਬਜ਼ ਹੋਣਾ ਚਾਹੁਣ ਤਾਂ ਉਸ ਦਾ ਵਿਰੋਧ ਕਰਨਾ ਬਣਦਾ ਹੈ ਕਿਉਂਕਿ ਇਤਿਹਾਸ ਦਾ ਪਹੀਆ ਪਿਛੇ ਨਹੀਂ ਮੁੜਨ ਦਿੱਤਾ ਜਾਵੇਗਾ । ਇਹ ਖੱਬੀਆਂ ਪਾਰਟੀਆਂ ਹੀ ਹਨ ਜੋ ਹੁਣ ਰਾਜੀਵ ਨੂੰ ਗੱਦੀ ਤੋਂ ਲਾਹੋ ਦੀ ਮੁਹਿਮ ਚਲਾ ਰਹੀਆਂ ਤੇ ਨਾਲ ਹੀ ਹੋਰ ਜਨਤਕ ਮੁਹਿਮਾਂ ਵਿਚ ਸਰਗਰਮ ਹਨ । ਸਿਆਸੀ ਮੁਹਿਮਾਂ ਸਮੁੱਚੇ ਚੌਖਟੇ ਵਿਚ ਹੀ ਚਲਦੀਆਂ ਹਨ । ਇਹ ਖੱਬੀਆਂ ਪਾਰਟੀਆਂ ਹੀ ਹਨ ਜੋ ਦੇਸ਼ ਭਰ ਵਿਚ ਆਵਾਜ਼ ਉਠਾ ਰਹੀਆਂ ਹਨ ਕਿ ਕਾਂਗਰਸ ਸਰਕਾਰ ਵੱਖਵਾਦੀਆਂ ਤੇ ਫਿਰਕੂਆਂ ਨੂੰ ਉਤਸ਼ਾਹਿਤ ਕਰਦੀ ਹੈ, ਇਸ ਲਈ ਇਸ ਨੂੰ ਗੱਦੀ ਤੋਂ ਲਾਹ ਕੇ ਖੱਬਾ ਜਮਹੂਰੀ ਫਰੰਟ ਅਗੇ ਆਵੇ ਤਾਂਕਿ ਫਿਰਕੂ ਵੰਡੀਆਂ ਖਤਮ ਹੋਣ, ਬਦੇਸ਼ੀ ਦਖਲ ਅੰਦਾਜ਼ੀ ਨੂੰ ਭਾਂਜ ਦਿੱਤੀ ਜਾਵੇ ਅਤੇ ਘੱਟ ਗਿਣਤੀ ਲੋਕਾਂ ਦੀ ਪੂਰੀ ਰਾਖੀ ਹੋਵੇ ਅਤੇ ਸਹੀ ਅਰਥਾਂ ਵਿਚ ਧਰਮ ਨਿਰਪੇਖਤਾ ਲਾਗੂ ਹੋਵੇ ਪਰ ਜੋ ਮੁਹਿਮਾਂ ਤੇ ਕਤਲੋਗਾਰਤ ਫਿਰਕੂ ਜਨੂੰਨੀ ਤੇ ਵੱਖਵਾਦੀ ਅਨਸਰ (ਤਰੀਪੁਰਾ ਤੋਂ ਪੰਜਾਬ ਤੱਕ) ਕਰ ਰਹੇ ਹਨ ਉਹ ਹਰਕਤਾਂ ਕਾਂਗਰਸ ਦੇ ਹੱਕ ਵਿਚ ਭੁਗਤ ਦੀਆਂ ਹਨ ਅਤੇ ਸਾਮਰਾਜੀਆਂ ਨੂੰ ਭਾਰਤ ਦੇ ਟੋਟੇ ਤੇ ਅਸਥਿਰ ਕਰਨ ਲਈ ਸਹਾਈ ਹੁੰਦੀਆਂ ਹਨ । ਕਾਂਗਰਸ ਨੂੰ ਖੱਬੀ ਜਮਹੂਰੀ ਲਹਿਰ ਤੇ ਲੋਕ ਏਕਤਾ ਨਾਲ ਲਾਹਿਆ ਜਾ ਸਕਦਾ ਹੈ । ਅਸੀਂ ਸਮਝਦੇ ਹਾਂ ਕਿ ਕਾਂਗਰਸ ਮੁਖ ਤੌਰ ਤੇ ਜ਼ੁੰਮੇਂਵਾਰ ਹੈ ਪਰ ਫਿਰਕੂ ਜਨੂੰਨੀ, ਖਾਲਿਸਤਾਨੀ ਤੇ ਅਤਿਵਾਦੀ ਤਾਂ ਦੇਸ਼ ਦੀ ਆਜ਼ਾਦੀ ਤੇ ਅਖੰਡਤਾ ਲਈ ਫੌਰੀ ਤੁਰੰਤ ਖਤਰੇ ਬਣੇ ਹੋਏ ਹਨ ਜਿਸ ਲਈ ਇਹਨਾਂ ਨੂੰ ਭਾਂਜ ਦੇਣੀ ਜ਼ਰੂਰੀ ਹੈ ਜਿਸ ਬਾਰੇ ਸ੍ਰੀ ਬੈਂਸ ਜੀ ਚੁੱਪ ਹਨ । ਇਹਨਾਂ ਹੱਥੋਂ ਹਜ਼ਾਰਾਂ ਹੀ ਨਿਰਦੋਸ਼ਿਆਂ ਦੇ ਕਤਲ, ਪਾਕਿਸਤਾਨ ਤੋਂ ਅੱਠ ਟਰੇਨਿੰਗ ਕੈਂਪਾਂ ਵਿਚ ਖਾਲਿਸਤਾਨੀਆਂ ਨੂੰ ਟਰੇਨਿੰਗ ਅਤੇ ਅਮਰੀਕਨ ਸੀ ਆਈ ਏ (ਇਸ ਬਾਰੇ ਵਿਸਥਾਰ ਪੂਰਬਕ ਤੀਜੇ ਲੇਖ ਵਿਚ) ਵਾਰੇ ਚੁਪ ਜਾਂ ਉਹਨਾਂ ਦੇ ਹੱਕ ਵਿਚ ਆਵਾਜ਼ ਉਠਾਈ ਹੈ ਜਿਸ ਦਾ ਖੰਡਨ ਕਰਨਾ ਜ਼ਰੂਰੀ ਹੈ । ਜਿਹੜਾ ਵਿਅਕਤੀ ਜਾਂ ਅਖੌਤੀ ਬੁੱਧੀਜੀਵੀ ਫਿਰਕਾਪ੍ਰਸਤੀ ਅਤੇ ਵੱਖਵਾਦ ਨੂੰ ਠੋ ਕੇ ਭੰਡਦਾ ਨਹੀਂ, ਉਹ ਦੇਸ਼ ਦਾ ਹਤੈਸ਼ੀ ਨਹੀਂ । ਅਜ ਦੂਹਰੀ ਖੇਡ ਖੇਡਣ ਵਾਲਿਆਂ ਅਤੇ ਲੋਕਾਂ ਨੂੰ ਬੁਧੂ ਬਣਾਉਣ ਵਾਲਿਆਂ ਨੂੰ ਨੰਗੇ ਕਰਨਾ ਜ਼ਰੂਰੀ ਹੈ । ਜਿਵੇਂ ਪਾਲ ਨਿਜ਼ਾਨ, ਲੈਨਿਨ ਦੇ ਇਹਨਾਂ ਸ਼ਬਦਾਂ ਨਾਲ ਸਹਿਮਤ ਹੈ ਕਿ "ਰਾਜਨੀਤੀ ਵਿਚ ਬੇ-ਰੁਖੀ ਦਾ ਭਾਵ ਹੈ, ਤਸੱਲੀ — (ਜਿਸ ਦਾ ਭਾਵ ਲੋਕ ਦੁਸ਼ਮਣ ਨਾਲ ਸਹਿਮਤ ਹੈ) ਸਰਮਾਏਦਾਰ ਸਮਾਜ ਵਿਚ ਨਿਰਪਖਤਾ ਤਾਂ ਪਰਦਾ ਪੋਸ਼ੀ, ਫਰੇਬੀ ਤੇ ਚੁਪਕੇ ਜਿਹੇ ਢੰਗ ਨਾਲ ਇਹ ਕਹਿਣਾ ਹੈ ਕਿ ਸੰਬੰਧਤ ਵਿਅਕਤੀ ਕਿਸੇ ਰੱਜੀ ਪੁੱਜੀ, ਖਾਂਦੀ ਪੀਂਦੀ, ਲੋਟੂ ਤੇ ਹਾਕਮ ਪਾਰਟੀ ਨਾਲ ਸੰਬੰਧ ਰਖਦਾ ਹੈ ।"

ਮਾਰਕਸੀ ਪਾਰਟੀ ਨੇ 1970 ਵਿਚ ਸੂਬਿਆਂ ਲਈ ਵੱਧ ਅਧਿਕਾਰਾਂ ਦਾ ਚਿੱਠਾ ਤਿਆਰ ਕਰਕੇ ਸਾਰੀਆਂ ਪਾਰਟੀਆਂ ਤੇ ਸੂਬਿਆਂ ਨੂੰ ਭੇਜਿਆ । ਪੰਜਾਬ ਮਸਲੇ ਦੇ ਹੱਲ ਲਈ ਮਾਰਕਸੀ ਪਾਰਟੀ ਤੇ ਸੀ ਪੀ ਆਈ ਨੇ ਹੋਰਾਂ ਪਾਰਟੀਆਂ ਤੇ ਅਕਾਲੀ ਪਾਰਟੀ ਨੂੰ ਨਾਲ ਲੈ ਕੇ 1983-84 ਵਿਚ ਸਠੀ ਨਗਰ ਅਤੇ ਕਲਕੱਤਾ ਤੇ ਦਿੱਲੀ ਵਿਚ ਤਿੰਨ ਵੱਡੀਆਂ ਮੀਟਿੰਗਾਂ ਕਰਕੇ ਸੁਝਾਉ ਪੇਸ਼ ਕੀਤੇ ਫਿਰ ਕਾਂਗਰਸ ਮੰਨਕੇ ਮੁਕਰਦੀ ਰਹੀ ਅਤੇ ਆਖਰ ਰਾਜੀਵ ਤੇ ਸੰਤ ਲੌਂਗੋਵਾਲ ਸਮਝੌਤਾ ਭੀ ਉਹ ਹੀ ਸੀ ਜੋ ਇਹ ਸਭ ਪਾਰਟੀਆਂ ਆਖ ਰਹੀਆਂ ਸਨ । ਕਮਿਊਨਿਸਟਾਂ ਦੀ ਰਾਜਨੀਤੀ ਦੇਸ਼ ਦੀ ਅਖੰਡਤਾ ਤੇ ਆਜ਼ਾਦੀ ਅਤੇ ਲੋਕ

→


## ਏ. ਡੀ. ਬਾਰੀਆ ਐਲ. ਐਲ. ਬੀ.
## ਵਕੀਲ

ਜੋ ਤੁਹਾਡੇ ਨਾਲ ਪੰਜਾਬੀ ਵਿਚ ਗੱਲਬਾਤ ਕਰ ਸਕਦੇ ਹਨ

- ਪਰਸਨਲ ਸੱਟਾਂ
- ਫੈਮਿਲੀ ਮਾਮਲੇ ਤੇ ਡਾਈਵੋਰਸ
- ਰੀਅਲ ਇਸਟੇਟ ਦੇ ਮਾਮਲੇ

**ਹੋਰ ਕਿਸੇ ਵੀ ਕਾਨੂੰਨੀ ਸਲਾਹ ਲਈ ਮਿਲੋ — ਮਸ਼ਵਰਾ ਮੁਫ਼ਤ ਦੇਣਗੇ**

**Arsad Dara Baria LL.B.**

**Lawyer**

Ste. 209-6330 Fraser St., Vancouver, B.C.

**Ph. 321-8300**

LM KLM KLM KLM KLM KLM KLM KLM KL

■ ਸਪੈਸ਼ਲ ■ ■ ਸਪੈਸ਼ਲ ■ ■ ਸਪੈਸ਼ਲ ■

## GABA TRAVELS (1982) LTD.

(6612 MAIN ST., VANCOUVER, B.C. V5X 3H2

Tel. (604) 324-3336

ਤੁਹਾਡੀ ਸਹੂਲਤ ਵਾਸਤੇ ਹੁਣ ਮੋਗੇ ਵੀ ਦਫਤਰ ਖੋਲ੍ਹ ਦਿੱਤਾ ਹੈ ।

ਗੁਰੂ ਨਾਨਕ ਟਰੈਵਲ
ਨਿਊ ਸੋਢੀ ਨਗਰ, ਮੋਗਾ,
ਫੋਨ 2161, 35 32



KLM

**AUTHORIZED AGENTS FOR AIR INDIA**
AND NOW WE ARE AUTHORISED
**K.L.M.**
(ROYAL DUTCH AIRLINES)

TOLL FREE NO.
B. C. & ALBERTA
1—800 663 6696

SPECIAL FARE TO: Delhi, Karachi, Colombo, Singapore, London, Amsterdam
ਦਿੱਲੀ, ਕਰਾਚੀ, ਕੋਲੰਬੋ, ਸਿੰਘਾਪੁਰ, ਲੰਡਨ ਤੇ Amsterdam ਲਈ ਸਪੈਸ਼ਲ ਕਿਰਾਏ

ASSOCIATED OFFICES IN INDIA:

| GABA TRAVELS | GABA TRAVELS | GABA TRAVELS |
|---|---|---|
| (Opposit Friends Theatre) | V.P.O. NURMAHAL | NEW DELHI |
| JALLANDHAR CITY | JALLANDHAR | |
| TEL. 74597 | TEL. 49 | |

KLM KLM KLM KLM KLM KLM KLM KLM KLM KLM (border)

LM KLM KLM KLM KLM KLM KLM KLM KLM

ਭਰਾਤਰੀ ਭਾਵ ਨੂੰ ਕਾਇਮ ਰੱਖਣ ਦੀ ਅਤੇ ਲੁੱਟ ਖਸੁੱਟ ਖਤਮ ਕਰਨ ਦੀ ਹੈ। ਪਰ ਵੱਖਵਾਦੀ ਇਸ ਦੇ ਵਿਰੋਧ ਵਿਚ ਹਨ। ਸੋ ਜ਼ਰੂਰੀ ਬਣਦਾ ਹੈ ਕਿ ਦੇਸ਼ ਧਰੋਹੀਆਂ ਨੂੰ ਨਿਖੇੜਿਆ ਜਾਵੇ ਤੇ ਭਾਂਜ ਦਿੱਤੀ ਜਾਵੇ ਅਤੇ ਅਮਰੀਕਨ ਸਾਮਰਾਜ ਦੀਆਂ ਅਸਥਿਰ ਕਰਨ ਦੀਆਂ ਚਾਲਾਂ ਨੂੰ ਫੇਲ ਕੀਤਾ ਜਾਵੇ। ਅਸੀਂ ਪੰਜਾਬ ਦੇ ਸਿਆਸੀ ਮਸਲੇ ਨੂੰ ਧਰਮ ਨਾਲ ਰਲਗੱਡ ਨਹੀਂ ਕਰਨਾ ਚਾਹੁੰਦੇ ਅਤੇ ਨਾ ਹੀ ਕਾਂਗਰਸ ਨੂੰ ਗੱਦੀ ਤੋਂ ਲਾਹੁਣ ਲਈ ਵੱਖਵਾਦੀਆਂ ਤੇ ਅਤਿਵਾਦੀਆਂ ਨਾਲ ਕੋਈ ਸਮਝੌਤਾ ਦੇਸ਼ ਤੇ ਲੋਕਾਂ ਨਾਲ ਗੱਦਾਰੀ ਹੋਵੇਗੀ। ਸੋ ਖੱਬੇ ਲੋਕਾਂ ਨੇ ਦੋਵਾਂ ਫਰੰਟਾਂ ਤੇ ਲੜਾਈ ਦੇਣੀ ਹੈ। ਤੁਹਾਡਾ ਨਿਸ਼ਾਨਾ ਰਾਜੀਵ ਨੂੰ ਗੱਦੀ ਤੋਂ ਲਾਹੁਣਾ ਨਹੀਂ ਸਗੋਂ ਕਾਇਮ ਰਖਣ ਵਿਚ ਨਿਕਲਦਾ ਹੈ।

ਮਾਰਕਸੀ ਪਾਰਟੀ ਦਾ ਪ੍ਰੋਗਰਾਮ ਤਾਂ ਕਾਂਗਰਸ ਨੂੰ ਗੱਦੀ ਤੋਂ ਲਾਹੁਣ ਦਾ ਹੈ "ਇਥੋਂ ਤੱਕ ਕਿ ਸਾਮਰਾਜੀ ਅਜਾਰੇਦਾਰ ਸਰਮਾਏ ਨੂੰ ਜੜੋਂ ਪੁੱਟਣ ਅਤੇ ਸਾਡੀ ਖੇਤੀਬਾੜੀ ਉਪਰੋਂ ਜਗੀਰੂ, ਅਰਧ ਜਗੀਰੂ ਬੰਧਨਾਂ ਨੂੰ ਖਤਮ ਕਰਨ ਦਾ ਬੁਨਿਆਦੀ ਕਾਰਜ ਦੀ ਵੱਡੀ ਸਰਮਾਏਦਾਰੀ ਦੀ ਅਗਵਾਈ ਹੇਠਲੀ ਇਸ ਸਰਮਾਏਦਾਰ ਜਾਗੀਰੂ ਸਰਕਾਰ ਨੂੰ ਗੱਦੀਓਂ ਲਾਹੇ ਬਗੈਰ ਨੇਪਰੇ ਨਹੀਂ ਚਾੜ੍ਹਿਆ ਜਾ ਸਕਦਾ।"

ਅੱਗੇ ਜਾ ਕੇ ਪੈਰਾ 101 ਵਿਚ ਲਿਖਿਆ ਹੈ, "ਲੋਕ ਜਮਹੂਰੀ ਮੁਹਾਜ ਦਾ ਧੁਰਾ ਤੇ ਆਧਾਰ ਮਜ਼ਦੂਰ ਜਮਾਤ ਤੇ ਕਿਸਾਨੀ ਦਾ ਦ੍ਰਿੜ ਏਕਾ ਹੈ। ਇਹ ਏਕਾ ਹੀ ਕੌਮੀ ਆਜ਼ਾਦੀ ਦੀ ਰਾਖ ਕਰਨ, ਦੂਰ ਰਸ ਜਮਹੂਰੀ ਪ੍ਰੀਵਰਤਨਾਂ ਨੂੰ ਨੇਪਰੇ ਚਾੜ੍ਹਨ ਅਤੇ ਸਰਬ ਪੱਖੀ ਸਮਾਜਕ ਪ੍ਰਗਤੀ ਨੂੰ ਯਕੀਨੀ ਬਣਾਉਣ ਲਈ ਮਹੱਤਵਪੂਰਨ ਸ਼ਕਤੀ ਹੈ।" ਸੋ ਖੱਬੇ ਪੱਖੀ ਲੋਕ ਕਾਂਗਰਸ ਵਿਰੁਧ ਅਤੇ ਨਾਲ ਹੀ ਗਦਾਰਾਂ ਤੇ ਵਖਵਾਦੀਆਂ ਵਿਰੁਧ ਲੜਾਈ ਦੇ ਰਹੇ ਹਨ। ਇਸ ਹੀ ਕਰਕੇ ਹਾਕਮ ਕਾਂਗਰਸ ਅਤੇ ਵੱਖਵਾਦੀ ਤੇ ਫਿਰਕੂ ਜਨੂੰਨੀਆਂ ਦਾ ਮੁਖ ਨਿਸ਼ਾਨਾ ਕਮਿਊਨਿਸਟ ਹਨ ਕਿਉਂਕਿ ਉਹ ਭਾਰਤੀ ਅਖੰਡਤਾ ਤੇ ਭਰਾਤਰੀ ਸਦ ਭਾਵਨਾ ਲਈ ਖੜ੍ਹਦੇ ਹਨ। ਅਜ ਦੇਸ਼ ਨੂੰ ਵੱਖਵਾਦੀ ਤੇ ਫਿਰਕੂ ਸ਼ਕਤੀਆਂ ਤੇ ਬਦੇਸ਼ੀ ਚਾਲਾਂ ਤੋਂ ਹੈ।

(ਚਲਦਾ)

## ਗਿਣਤੀ

**ਮਿਤਰ ਰਾਸ਼ਾ (ਅਟਵਾ)**

ਮਰਨ ਵਾਲਿਆਂ ਦੀ ਗਿਣਤੀ ਹੋ ਰਹੀ ਹੈ
ਅਜ ਕਿੰਨੇ ਮਰੇ
ਸੱਤ !
ਇਕ ਅੰਨ੍ਹਾ ਇਕ ਗੂੰਥੀ ਇਕ ਮਾਸਟਰ ਇਕ ਪੁਜਾਰੀ
ਇਕ ਹਾਮਲਾ ਔਰਤ ਇਕ ਸ਼ਾਇਰ ਇਕ ਪੱਗਾਂ ਰੰਗਦਾ ਲਲਾਰੀ
ਰਾਮ ਨਾਮ ਸੱਤ ਹੈ !
ਮਰਨ ਵਾਲੇ ਫੜੇ ਨਹੀਂ ਗਏ
ਜੋ ਫੜੇ ਗਏ
ਉਹ ਮਰਨ ਵਾਲੇ ਨਹੀਂ ਸਨ
ਇਵੇਂ ਹੀ ਲੰਘਦੀ ਰਹੀ
ਭਟਕਣਾਂ ਦੀ ਸੁਆਰੀ
ਮਰਨ ਵਾਲੇ ਕਿਤੇ ਜਾਣ ਲਈ
ਟਿਕਟਾਂ ਲੈ ਕੇ ਬੱਸ 'ਚ
ਬੈਠੇ ਸਨ ਆ ਕੇ
ਹੋਰ ਕਿਤੇ ਹੀ ਪਹੁੰਚਾ ਦਿੱਤੇ
ਧੁਰ ਦਾ ਟਿਕਟ ਕਟਾ ਕੇ
ਬੱਸ 'ਚ !?
ਜਾਂ ਵਾਸਤੇ ਸਨ ਜਾਂ ਹਾਹਾਕਾਰ ਸੀ
ਪਰ ! ਕਾਤਲਾਂ ਨੂੰ ਕੁਝ ਨਾ ਦਰਕਾਰ ਸੀ
ਸਭ ਚੱਕ ਦਿੱਤੇ ਵਾਰੋ ਵਾਰੀ
ਅਨਰਥ ਹੋ ਰਿਹੈ
ਅਰਥੀਆਂ ਜਾ ਰਹੀਆਂ ਨੇ
ਸ਼ਮਸ਼ਾਨ ਘਾਟ ਨੂੰ
ਕੋਈ ਅਰਥ ਨਹੀਂ ਨਿਕਲ ਰਿਹਾ
ਸਮਝ ਨਹੀਂ ਰਿਹਾ ਕੋਈ
ਇਸ ਬੁਖਲਾਹਟ ਨੂੰ
ਮਾਰ ਸੁੱਟਿਆ ਜਾਏਗਾ
ਜਿਹੜਾ ਵੀ ਮਰਸੀਆ ਪੜ੍ਹਨ ਆਏਗਾ
ਕੌਣ ਨੱਥ ਪਾਏਗਾ ?
ਐਸੇ ਹਾਲਾਤ ਨੂੰ
ਕਰੇ ਜੋ ਖਤਮ ਖੱਜਲ ਖੁਆਰੀ
ਕੱਲ ਜਿਨ੍ਹਾਂ ਮਰਨਾ ਹੈ
ਅਜ ਉਨ੍ਹਾਂ ਨੂੰ
ਬਚਾਉਣ ਦਾ ਹੀਲਾ ਕਰੋ
ਰੁੱਸਿਆਂ ਨੂੰ ਮਨਾਉਣ ਦਾ
ਮੰਨਿਆਂ ਨੂੰ
ਵਸਾਉਣ ਦਾ ਹੀਲਾ ਕਰੋ
ਗਿਣਤੀ ਹੀ ਨਾ ਕਰੀ ਜਾਓ
ਸਵਾਲ ਵੀ ਰਲ ਕਰੋ
ਹਨੇਰ ਹੀ ਨਾ ਕਰੀ ਜਾਓ
ਦੀਪ ਜਗਾਉਣ ਦਾ ਹੀਲਾ ਕਰੋ
ਪਿਆਰ ਨਾਲ ਸ਼ਿੰਗਾਰੋ
ਜ਼ਿੰਦਗੀ ਦੀ ਹਰ ਬਾਤ ਨੂੰ
ਰੋਕੋ ਹੋਰ ਕੰਧਾਂ ਦੀ ਉਸਾਰੀ।
ਗਿਣਤੀ ਹੀ ਨਾ ਕਰੀ ਜਾਓ
ਸਵਾਲ ਵੀ ਹਲ ਕਰੋ

## .ਗਜ਼ਲ

**ਰੇਸ਼ਮ ਚਿੱਤਰਕਾਰ**

ਮੈਂ ਮਾਣ-ਵਾਦ ਦੀਆਂ ਗੱਲਾਂ ਦਾ ਸਭ ਝੂਠ ਪਸਾਰਾ ਵੇਖ ਲਿਆ।
ਵੇਖ ਲਿਆ ਮੈਂ ਵੇਖ ਲਿਆ ਦੁਨੀਆਂ ਦਾ ਨਜ਼ਾਰਾ ਵੇਖ ਲਿਆ।

ਉਹ ਜਦ ਕੋਈ ਗੱਲ ਕਰਦਾ ਹੈ ਕਰਦਾ ਹੈ ਆਪਣੇ ਮਤਲਬ ਦੀ,
ਸਾਕੀ ਤੇ ਰਿਹਾ ਭਰੋਸਾ ਨਾ, ਹੈ ਬੇ-ਇਤਬਾਰਾ ਵੇਖ ਲਿਆ।

ਨਫਰਤ ਦਾ ਨੇਰ੍ਹ ਭਜਾਉਣੇ ਨੂੰ ਮੈਂ ਜਿਸ ਨੂੰ ਸਮਝਿਆ ਪ੍ਰੇਮ-ਦੀਪ,
ਉਸ ਪ੍ਰੇਮ-ਦੀਪ ਮੈਂ ਰਹਿਬਰ ਨੂੰ ਅਸਲੋਂ ਹਤਿਆਰਾ ਵੇਖ ਲਿਆ।

ਬੰਦੇ ਦੇ ਹੱਥੋਂ ਬੰਦਾ ਹੀ ਹੁਣ ਮੇਰੇ ਦੇਸ਼ 'ਚ ਮਰਦਾ ਹੈ,
ਜੋ ਡਿੱਠਾ ਨਹੀਂ ਸੀ ਅੱਜ ਤੀਕਰ ਦੁਖਦਾਈ ਨਜ਼ਾਰਾ ਵੇਖ ਲਿਆ।

ਤੂੰ ਕਿਰਣ ਕਾਸਮਿਕ ਬਿਲਕੁਲ ਨਾ ਕਿ ਤੇਰਾ ਮੂਲ ਨਾ ਜਾਣਾ ਮੈਂ,
ਪੜਚੋਲ ਤੇਰੀ ਕਰ ਵੇਖ ਲਈ ਸਭ ਝੂਠ ਖਿਲਾਰਾ ਵੇਖ ਲਿਆ।

ਉਹ ਧੌਣ ਝੁਕਾਈ ਸਾਡੇ ਘਰ ਦੇ ਅੱਗਿਓਂ ਲੰਘਿਆ ਏਦਾਂ ਅੱਜ,
ਲੋਧੀ ਨੇ ਜੀਕਨ ਬਾਬਰ ਦਾ ਸੀ ਹੱਥ ਕਰਾਰਾ ਵੇਖ ਲਿਆ।



ਦਰਸ਼ਨ ਸਿੰਘ ਉੱਪਲ

DARSHAN SINGH UPPAL

14 year experience, specializing in residential Homes, Lands and Farms.

For FREE Market Evaluation Of Your Property or To Buy and sell.

Call :

Ph. Off. 590-3231

L/R LAKEVIEW REALTY LTD. DELTA 590-3231

ਹਰ ਪ੍ਰਕਾਰ ਦੀ ਪ੍ਰਾਪਰਟੀ ਖ਼੍ਰੀਦਣ

ਜਾਂ

ਵੇਚਣ ਲਈ

ਮਿਤਰਤਾ ਭਰੀ, ਈਮਾਨਦਾਰ

ਅਤੇ ਤਜਰਬੇਕਾਰ ਸਲਾਹ ਲਈ

ਦਰਸ਼ਨ ਸਿੰਘ ਉੱਪਲ ਨੂੰ ਮਿਲੋ ਜਾਂ ਫੋਨ ਕਰੋ :

Res. 594-8758

7909 SCOTT RD., DELTA, B.C. V4C 6P6

"FOR ALL YOUR PRINTING NEEDS"

dhannu printing co. ltd.

Printers □ Lithographers

English Wedding Cards and other Printing at reasonable rates

ਧੰਨੂ ਪ੍ਰਿੰਟਿੰਗ ਕੰਪਨੀ ਲਿਮਿ:

ਵਿਆਹ ਸ਼ਾਦੀਆਂ ਦੇ ਕਾਰਡ ਅਤੇ ਹਰ ਕਿਸਮ ਦੀ ਪ੍ਰਿੰਟਿੰਗ ਲਈ ਫ਼ੋਨ ਕਰੋ ਜਾਂ ਦਰਸ਼ਨ ਦਿਓ

ਭਾਰਤ ਤੋਂ ਆਏ ਨਵੇਂ ਨਵੇਂ ਡੀਜ਼ਾਈਨਾਂ ਅਤੇ ਰੰਗਾਂ ਵਿਚੋਂ ਆ ਕੇ ਆਪਣੀ ਮਨਪਸੰਦ ਦੇ ਕਾਰਡ ਪਸੰਦ ਕਰੋ

ਵਾਜਬ ਕੀਮਤਾਂ — ਵਧੀਆ ਕੁਆਲਿਟੀ

Ph. Bus. 585-2004 Res. 585-7916

10281 - 133A St., SURREY, B.C. V3T 4A1

ਦਿਉਲ ਲੇਡੀਜ਼ ਟੇਲਰ ਸ਼ਾਪ

11860 - Oldfield Ave., Richmond, B.C. V6X 1M4

Phone : 270-1529

ਅਸੀਂ ਹਰ ਤਰ੍ਹਾਂ ਦੇ ਡੀਜ਼ਾਇਨਾਂ ਵਾਲੇ ਪੰਜਾਬੀ ਸੂਟ, ਪਟਿਆਲਾ ਸ਼ਾਹੀ ਸੂਟ, ਬਲਾਊਜ਼, ਪੇਟੀਕੋਟ, ਡਰੈਸ, ਸਾੜ੍ਹੀ ਫਾਲ ਆਦਿ ਦੀ ਤਸੱਲੀਬਖਸ਼ ਸਲਾਈ ਕਰਦੇ ਹਾਂ

ਹਰ ਤਰ੍ਹਾਂ ਦੀ ਰੀਪੇਅਰ ਵੀ ਕੀਤੀ ਜਾਂਦੀ ਹੈ। ਸਾਡੀਆਂ ਸੇਵਾਵਾਂ ਦਾ ਲਾਭ ਉਠਾਓ ਤੇ ਹੋਰ ਜਾਣਕਾਰੀ ਲਈ ਫ਼ੋਨ ਕਰੋ :

270-1529

# The Manitoba Mirror
# ਮੈਨੀਟੋਬਾ ਦਰਪਣ


## BRAR NATURAL FLOUR MILLS

ਵਧੀਆ ਮੱਕੀ ਪੀਸਣ ਵਾਲੀਆਂ ਅਤੇ
ਵਧੀਆ ਵੇਸਣ ਪੀਸਣ ਵਾਲੀਆਂ ਚੱਕੀਆਂ
ਨਵੀਆਂ ਲੱਗ ਰਹੀਆਂ ਹਨ

— ਸ਼ੇਰੇ-ਪੰਜਾਬ ਡ੍ਰਮ ਕਣਕ ਦਾ ਆਟਾ —

ਚਾਹੇ ਰੋਟੀਆਂ ਪਕਾਓ ਜਾਂ ਪੂਰੀਆਂ ਬਣਾਓ

ਫ਼ੋਨ : 204-632-5360

ਗਰੌਸਰੀ ਦੀਆਂ ਸਾਰੀਆਂ ਵਸਤਾਂ ਵਾਜਬ ਭਾਅ 'ਤੇ

ਮੂਵੀਆਂ — ਟੇਪਾਂ ਵੀ ਇਥੋਂ ਮਿਲਦੀਆਂ ਹਨ

**Ph. 775-6989**

830 - NOTRE DAME AVE. WINNIPEG, MAN.

ਵਿੰਨੀਪੈਗ ਵਿਚ ਹਰ ਪ੍ਰਕਾਰ ਦੀ ਪ੍ਰਾਪਰਟੀ ਖ਼ਰੀਦਣ ਜਾਂ ਵੇਚਣ ਲਈ

ਮਿੱਤਰਤਾ ਭਰੀ, ਈਮਾਨਦਾਰ ਅਤੇ ਤਜਰਬੇਕਾਰ ਸਲਾਹ ਲਈ

ਅਵਤਾਰ ਟਿਵਾਣਾ ਨੂੰ ਮਿਲੋ ਜਾਂ ਫੋਨ ਕਰੋ :

**Ph. Off: (204) 694-5000**

**Res: 694-3198**

Pager 942-7788 #02284



## REMAX REALTY

10 - 2230 McPhillps St., Winnipeg, MB R2V 3C8

Sales Representative



ਵੀਡੀਓ ਮੂਵੀਆਂ ਵੀ ਇੱਥੋਂ ਲੈ ਸਕਦੇ ਹੋ

ਵਿੰਨੀਪੈਗ ਵਿਚ ਕੱਪੜੇ ਤੇ ਗਹਿਣਿਆਂ ਦੀ ਦੁਕਾਨ

## ਕੋਹਿਨੂਰ ਜਿਊਲਰਜ਼ ਤੇ ਫੈਬਰਿਕ ਸੈਂਟਰ



ਦਾਜ-ਵਰੀ ਦੇ ਗਹਿਣੇ ਇਕੋ ਹੀ ਥਾਂ ਤੋਂ ਬਣਵਾਓ

ਆਪਣੇ ਮਨਪਸੰਦ ਦੇ ਗਹਿਣੇ ਬਨਵਾਉਣ ਲਈ ਵੀ

ਕੋਹਿਨੂਰ ਜਿਊਲਰਜ਼ ਅਤੇ ਫੈਬਰਿਕ ਸੈਂਟਰ ਤੇ ਪਹੁੰਚੋ

ਵੰਨ ਸਵੰਨੇ ਸੂਟ ਤੇ ਸਾੜ੍ਹੀਆਂ ਦੀ ਚੋਣ ਅਤੇ ਦਾਜ-ਵਰੀ ਲਈ ਯਾਦ ਰੱਖੋ

ਕੋਹਿਨੂਰ ਜਿਊਲਰਜ਼ ਤੇ ਫੈਬਰਿਕ ਸੈਂਟਰ

ਵਧੀਆ ਕੁਆਲਿਟੀ, ਵਾਜਬ ਕੀਮਤਾਂ, ਦੋਸਤਾਨਾ ਵਰਤਾਓ ਅਤੇ ਤਸੱਲੀਬਖਸ਼ ਚੀਜ਼ਾਂ ਮਿਲਦੀਆਂ ਹਨ





**Kohinoor Jewellers & Fabric Centre**

New Location — 724 - Sargent Ave., Winnipeg, MAN.

Ph. Bus. 772-3937

Res. 633-6567

## REDWOOD MOTORS LTD.

ਕਾਰਾਂ ਦੀ ਜਨਰਲ ਮੁਰੰਮਤ — ਬਰੇਕਾਂ ਦੀ ਸਪੈਸ਼ਲ ਸਰਵਿਸ

**Automotive Repairs — Alignment and Wheel Balancing**



ਹਰ ਤਰ੍ਹਾਂ ਦੀ ਕਾਰ ਦੀ ਮੁਰੰਮਤ ਜਲਦੀ ਕਰਵਾਉਣ ਲਈ ਰੈਡਵੁੱਡ ਮੋਟਰਜ਼ ਉਤੇ ਪਹੁੰਚੋ



**PH. 582-7138**

600 - Redwood Ave. WINNIPEG, MAN.

# The Manitoba Mirror

# ਮੈਨੀਟੋਬਾ ਦਰਪਣ

## V.I.P. SUPERMARKET

**Ph. 774-8671**

ਭਾਰਤੀ ਗਰੌਸਰੀ, ਤਾਜ਼ੀਆਂ ਸਬਜ਼ੀਆਂ,

ਬੱਕਰੇ ਦਾ ਤਾਜ਼ਾ ਮੀਟ, ਨਵੇਂ ਗਾਣਿਆਂ ਦੀਆਂ ਟੇਪਾਂ

ਗੋਲਗੱਪੇ ਅਤੇ ਸਮੋਸਾ ਮੇਕਰ

ਤੁਹਾਨੂੰ ਵੀ. ਆਈ. ਪੀ. ਸੁਪਰਮਾਰਕੀਟ ਤੋਂ ਹੀ

ਮਿਲ ਸਕਦੇ ਹਨ

ਸਭ ਤੋਂ ਪੁਰਾਣਾ ਗਰੌਸਰੀ ਸਟੋਰ ਜੋ 12 ਸਾਲ ਤੋਂ ਏਸੇ ਥਾਂ ਹੈ:

**V.I.P. SUPERMARKET**

739, Elice Ave. WINNIPEG, MAN.

## Moti Flour Industries

620 - Sophia St., SELKIRK — MAN.

**Ph. 204-482-4111**

**Or. 204-785-1054**

**100% ਡੂਰਮ ਕਣਕ ਦਾ ਆਟਾ**

ਵੇਸਣ, ਦਲੀਆ, ਮੱਕੀ ਦਾ ਆਟਾ ਹੋਲਸੇਲ ਕੀਮਤਾਂ ਉਤੇ

GRIND YOUR OWN MASALA

ਆਟਾ ਤੁਹਾਨੂੰ ਵੀ. ਆਈ. ਪੀ. ਸੁਪਰਮਾਰਕਿਟ ਤੋਂ ਵੀ ਮਿਲ ਸਕਦਾ ਹੈ



BALDEV S. BEDI M.A. B.A. (Hons.)
BROKER AND COMMISSIONER
FOR OATHS

ਕਿਸੇ ਭੀ ਕਿਸਮ ਦੀ ਜਾਇਦਾਦ ਖ਼ੀਦਣਾ ਜਾਂ ਵੇਚਣਾ ਚਾਹੁੰਦੇ ਹੋ ?

ਮੁਫਤ ਸਲਾਹ ਮਸ਼ਵਰੇ ਲਈ ਫ਼ੋਨ ਕਰੋ :

**ਬਲਦੇਵ ਸਿੰਘ ਬੇਦੀ** M.A. B.A. (Hons.)

- ਜਾਇਦਾਦ ਰਿਹਾਇਸ਼ੀ, ਕਮਰਸ਼ਲ, ਅਪਾਰਟਮੈਂਟ ਬਲਾਕ, ਵਿਹਲੀ ਜ਼ਮੀਨ, ਹੋਟਲ, ਮੋਟਲ ਜਾਂ ਕੋਈ ਬਿਜ਼ਨਿਸ ਹੋਵੇ!
- ਮਾਰਗੇਜ ਦਾ ਪ੍ਰਬੰਧ ਕਰਨਾ ਹੋਵੇ
- ਕਿਰਾਏ ਦੇ ਮਕਾਨਾਂ ਸੰਬੰਧੀ ਕੋਈ ਮਸ਼ਵਰਾ ਲੈਣਾ ਹੋਵੇ

ਆਪਣੀ ਪੰਜਾਬੀ ਰੀਅਲ ਅਸਟੇਟ ਕੰਪਨੀ ਦੀਆਂ ਸੇਵਾਵਾਂ ਦਾ ਲਾਭ ਉਠਾਓ

ਜਿਥੇ ਕੋਈ ਭੀ ਪ੍ਰਾਪਰਟੀ ਵੇਚਣ ਵੇਲੇ 7% ਕਮਿਸ਼ਨ ਦੇਣਾ ਕੋਈ ਜ਼ਰੂਰੀ ਨਹੀਂ !!

**AMAN REALTY**

1223 Markham Road Winnipeg Man. R3T 4B1

**Bus. 269-4411, Res. 261-7598,**

**24 Hrs: 942-0141**

**Pager 6366**

## NORTH AMERICAN LIFE ASSURANCE CO.

**To Your Needs Which You Can Afford**

ਕੇਵਲ ਤਿੰਨ ਜਾਂ ਚਾਰ ਜਾਂ ਪੰਜ ਸਾਲਾਂ ਵਿਚ ਆਪਣੀ ਜ਼ਿੰਦਗੀ ਭਰ ਦੀ ਇਨਸ਼ੋਰੈਂਸ ਖ਼ੀਦਣ ਲਈ

**ਰਾਜ ਸਿੰਘ ਮਾਨ**

ਜਾਂ

**ਸੁਖਜਿੰਦਰ ਸਿੰਘ ਢਿੱਲੋਂ**

ਨੂੰ ਮਿਲੋ

● ਲਾਈਫ ਇਨਸ਼ੋਰੈਂਸ ● ਗਰੁੱਪ ਇਨਸ਼ੋਰੈਂਸ ● ਮਾਰਗੇਜ ਇੰਨਸ਼ੋਰੈਂਸ

● ਬੱਚਿਆਂ ਦੀ ਪੜ੍ਹਾਈ ਦੀ ਇੰਨਸ਼ੋਰੈਂਸ

■ Personal ■ Children's ■ Group ■ Annuities

**Ph. 943-1526**

1507 - 330 Portage Ave. WINNIPEG, MAN. R3C 0C4



**Sukhjinder S. Dhillon**
**Res: 669-2573**



**Raj Singh Maan** Sales Manager
**Res. 694-0731**
Commissioner for oaths




# ਮਸ਼ਹੂਰ ਕਲਾਕਾਰ ਓਮ ਪੁਰੀ ਨਾਲ ਇਕ ਮੁਲਾਕਾਤ

**(ਪਿਛਲੇ ਦਿਨੀਂ ਕੌਮਾਂਤਰੀ ਫਿਲਮ ਸਮਾਰੋਹ ਦੇ ਸਬੰਧ ਵਿਚ ਪੰਜਾਬੀ ਤੇ ਹਿੰਦੀ ਫਿਲਮਾਂ ਦੇ ਮਸ਼ਹੂਰ ਐਕਟਰ ਸ੍ਰੀ ਓਮ ਪੁਰੀ ਵੈਨਕੂਵਰ ਆਏ ਸਨ। ਪੇਸ਼ ਹੈ ਉਨ੍ਹਾਂ ਨਾਲ ਇਕ ਮੁਲਾਕਾਤ। )**

**ਅਮਨਪਾਲ ਸੈਰਾ**

ਸਵਾਲ : ਓਮ ਜੀ ਤੁਸੀਂ ਇੱਥੇ ਵੈਨਕੂਵਰ ਵਿਚ Recent International Film Festival ਦੇ ਸਬੰਧ ਵਿਚ ਆਏ ਹੋਏ ਹੋ, ਇਸ ਸਾਰੇ ਸਮੇਂ ਦੇ ਦੌਰਾਨ ਸਾਨੂੰ ਦੋ ਚੀਜ਼ਾਂ ਬੜੀਆਂ ਸੁਣਨ ਵਿਚ ਆਈਆਂ, ਇਕ ਹੈ Commercial Cinema ਤੇ ਦੂਸਰੀ Art Cinema. ਕੀ ਤੁਸੀਂ ਸਾਨੂੰ ਦੱਸ ਸਕਦੇ ਹੋ ਕਿ ਇਨ੍ਹਾਂ ਦੋਨਾਂ Terms ਦਾ exactly ਮਤਲਬ ਕੀ ਹੈ ?

ਜਵਾਬ : ਇਹ Terms ਦਰਅਸਲ ਪਿਛਲੇ 12-13 ਸਾਲ ਵਿਚ ਜ਼ਿਆਦਾ ਸੁਣਨ ਵਿਚ ਆਉਂਦੀਆਂ। ਔਰ ਇਹ term ਫਿਲਮ ਵਾਲਿਆਂ ਨੇ ਨਹੀਂ ਦਿੱਤੀ ਇਹ term media ਨੇ ਦਿੱਤੀ ਹੈ। ਉਨ੍ਹਾਂ ਨੇ ਕਹਿਣਾ ਸ਼ੁਰੂ ਕੀਤਾ ਕਿ Art film ਹੈ ਜਾਂ commercial film ਹੈ। ਜੇਕਰ ਮੈਨੂੰ ਪੁਛੋ ਤਾਂ ਮੈਂ ਕਹਾਂਗਾ ਕਿ ਆਰਟ ਫਿਲਮ ਜਾਂ ਕਮਰਸ਼ਲ ਫਿਲਮ ਦਾ ਕੋਈ ਮਤਲਬ ਨਹੀਂ। ਸਿਰਫ ਚੰਗੀ ਫਿਲਮ ਹੈ ਤੇ ਮਾੜੀ ਫਿਲਮ ਹੈ। ਜੇ ਇਨ੍ਹਾਂ ਹੀ terms ਨੂੰ ਫੜ ਕੇ ਗੱਲ ਕੀਤੀ ਜਾਵੇ ਤਾਂ ਮੈਂ ਕਹਾਂਗਾ ਕਿ ਕਮਰਸ਼ਲ ਫਿਲਮ ਉਹ ਹੈ ਜਿਸਦਾ ਸਿਰਫ਼ ਮਕਸਦ ਪੈਸਾ ਕਮਾਉਣਾ ਤੇ ਹੋਰ ਕੋਈ ਮਕਸਦ ਨਹੀਂ ਜਿਵੇਂ ਤੁਸੀਂ ਹੋਰ ਚੀਜ਼ਾਂ ਬਣਾਉਂਦੇ ਹੋ ਭਾਵੇਂ ਸਾਬਣ ਬਣਾਉ, ਤੇਲ ਬਣਾਉ ਆਦਿ। ਇਹੀ ਮਕਸਦ ਫਿਲਮ ਲਈ ਹੁੰਦਾ।

ਸਵਾਲ : ਇਨ੍ਹਾਂ ਦਾ ਕੋਈ ਬੱਜਟ ਨਾਲ ਭੀ ਸਬੰਧ ਜੁੜਦਾ ਹੈ ?

ਜਵਾਬ : ਹਾਂ ਬੱਜਟ ਨਾਲ ਭੀ ਜੁੜਦਾ ਹੈ। ਕਮਰਸ਼ਲ ਫਿਲਮ ਦਾ ਬੱਜਟ ਜ਼ਿਆਦਾ ਹੁੰਦਾ ਹੈ ਤੇ ਜਿਹੜੀਆਂ ਫਿਲਮਾਂ ਸਾਡੀ ਜ਼ਿੰਦਗੀ ਬਾਰੇ ਗੱਲ ਕਰਦੀਆਂ ਹਨ, ਸਾਡੀਆਂ ਰੋਜ਼ਮਰਾ ਦੀਆਂ ਮੁਸ਼ਕਿਲਾਂ ਬਾਰੇ, ਉਨ੍ਹਾਂ ਦਾ ਬੱਜਟ generally ਘੱਟ ਹੁੰਦਾ ਹੈ ਪਰ ਕਮਰਸ਼ਲ ਫਿਲਮ ਦਾ ਭੀ ਬੱਜਟ ਛੋਟਾ ਹੋ ਸਕਦਾ ਹੈ, ਉਹ ਬੱਜਟ depend ਕਰਦਾ ਹੈ ਫਿਲਮ ਦੇ Subject ਕਹਾਣੀ ਆਦਿ ਤੇ। ਹਿਸਟੋਰੀਕਲ ਫਿਲਮ ਹੈ ਜਾਂ Social Film ਹੈ ਵਗੈਰਾ।

ਸਵਾਲ : ਅੱਛਾ ਓਮ ਜੀ ਕਈ ਵਾਰੀ ਇਸ ਤਰ੍ਹਾਂ ਹੁੰਦਾ ਕਿ ਜਦੋਂ ਕੋਈ ਫਿਲਮ ਮੈਗਜ਼ੀਨ ਪੜ੍ਹੀਏ ਤਾਂ ਉਸ ਵਿਚ ਬੜੀਆਂ ਇਸ ਕਿਸਮ ਦੀਆਂ ਖਬਰਾਂ ਪੜ੍ਹਨ ਨੂੰ ਮਿਲਦੀਆਂ ਹਨ ਜਿਵੇਂ ਕਿ ਫਲਾਣੀ ਫਿਲਮ ਦਾ ਫਲਾਣੇ ਜੋਤਸ਼ੀ ਨੇ ਮਹੂਰਤ ਕੱਢਿਆ, ਫਲਾਣੇ ਨੇ ਕਲੈਂਪ ਦਿੱਤਾ, ਫਲਾਣੇ ਨੇ ਨਾਰੀਅਲ ਭੰਨਿਆ ਵਗੈਰਾ। ਕੀ ਇਹ ਸਾਰੀਆਂ ਗੱਲਾਂ ਇਕ ਵਹਿਮ ਹੀ ਹਨ ਜਾਂ ਇਨ੍ਹਾਂ ਦਾ ਕੋਈ ਮਤਲਬ ਭੀ ਹੈ

ਜਵਾਬ : ਮੇਰਾ ਤਾਂ ਵਿਸ਼ਵਾਸ਼ ਹੈ ਨਹੀਂ Superstitions ਵਿਚ। ਪਰ ਇਹ Superstitions ਸਿਰਫ ਫਿਲਮਾਂ ਵਿਚ ਨਹੀਂ ਹਨ, ਜਦੋਂ ਮੁੰਡਾ ਜੰਮਦਾ ਹੈ ਉਦੋਂ ਭੀ ਹੁੰਦੀਆਂ, ਜਦੋਂ ਵਿਆਹ ਹੁੰਦਾ ਉਦੋਂ ਭੀ ਹੁੰਦੀਆਂ ਹਨ ਜਾਂ ਹੋਰ ਕੋਈ ਦੁਕਾਨ ਵਗੈਰਾ ਖੋਲ੍ਹਦਾ ਹੈ ਤਾਂ ਭੀ ਪੂਜਾ ਪਾਠ ਹੁੰਦਾ। ਮੇਰਾ ਇਨ੍ਹਾਂ ਚੀਜ਼ਾਂ ਵਿਚ ਵਿਸ਼ਵਾਸ਼ ਹੈ ਨਹੀਂ। ਮੇਰਾ ਖਿਆਲ ਹੈ ਕਿ ਜੋ ਭੀ ਧਰਮ ਵਗੈਰਾ ਹੈ ਉਸਨੂੰ ਦਿਖਾਵੇ ਦੀ ਲੋੜ ਨਹੀਂ। ਇਹ ਭਾਵਨਾ ਤੁਹਾਡੇ ਦਿਲ ਵਿਚ ਰਹਿਣੀ ਚਾਹੀਦੀ ਹੈ। ਜੇਕਰ ਤੁਸੀਂ ਰੱਬ ਦਾ ਨਾਮ ਲੈਣਾ ਚਾਹੁੰਦੇ ਹੋ ਤਾਂ ਘਰ ਬੈਠ ਕੇ ਭੀ ਲੈ ਸਕਦੇ ਹੋ ਉਸਨੂੰ ਸੜਕ ਤੇ ਲਿਆਉਣ ਦੀ ਲੋੜ ਨਹੀਂ ਹੁੰਦੀ। ਉਸ ਨਾਲ ਉਸਦੀ ਭਾਵਨਾ ਘੱਟ ਹੁੰਦੀ ਹੈ ਦਿਖਾਵਾ ਜ਼ਿਆਦਾ।

ਸਵਾਲ : ਪਿਛਲੇ ਸਮੇਂ ਵਿਚ ਇਕ ਗੱਲ ਦੇਖਣ ਵਿਚ ਆਈ ਹੈ ਕਿ ਜੋ ਸਾਡੀਆਂ ਪੰਜਾਬੀ ਫਿਲਮਾਂ ਹਨ, ਕੁਝ ਇਕ ਨੂੰ ਛੱਡ ਕੇ ਉਨ੍ਹਾਂ ਦਾ Standard ਕਾਫ਼ੀ ਨੀਵੀਂ ਪੱਧਰ ਦਾ ਹੈ। ਕੁਛ ਤਾਂ ਪਹਿਲਾਂ ਹੀ ਨੀਵਾਂ ਸੀ, ਕੁਛ ਹੋਰ ਹੁੰਦਾ ਜਾ ਰਿਹਾ ਹੈ ਇਸਦਾ ਕੋਈ ਕਾਰਨ ਦੱਸ ਸਕਦੇ ਹੋ ?

ਜਵਾਬ : ਇਹ ਕਹਿਣਾ ਕਿ ਪੰਜਾਬੀ ਫਿਲਮਾਂ ਦਾ ਸਟੈਂਡਰਡ ਬਹੁਤ ਨੀਵਾਂ ਹੈ, ਸਹੀ ਗੱਲ ਨਹੀਂ ਹੋਵੇਗੀ। ਹਿੰਦੁਸਤਾਨ ਵਿਚ ਫਿਲਮਾਂ ਦਾ Standard generally ਨੀਵਾਂ ਹੈ। ਪਰ ਇਹ ਕਹਿਣਾ ਭੀ ਠੀਕ ਨਹੀਂ ਕਿ ਬਾਕੀਆਂ ਦਾ ਨੀਵਾਂ ਹੈ ਇਸ ਕਰਕੇ ਸਾਡਾ ਭੀ ਨੀਵਾਂ ਰਹੇ। ਸਟੈਂਡਰਡ ਜ਼ਰੂਰ ਨੀਵਾਂ ਹੈ, ਹਿੰਦੀ ਫਿਲਮਾਂ ਦਾ ਭੀ ਤੇ South ਦੀਆਂ ਫਿਲਮਾਂ ਦਾ ਭੀ। ਪਰ ਇਤਨਾ ਜ਼ਰੂਰ ਹੈ ਕਿ ਜਿਵੇਂ ਮਲਿਆਲਮ ਸਿਨਮਾ ਹੈ ਕੇਰਲਾ ਤੋਂ ਤੇ ਕੁਝ ਹਿੰਦੀ ਫਿਲਮਾਂ ਹਨ, ਇਨ੍ਹਾਂ ਦੀ ਇਕ Parallel movement ਭੀ ਹੈਗੀ ਹੈ। ਭਾਵ ਕੁਛ ਇਕ ਚੰਗੀਆਂ ਫਿਲਮਾਂ ਭੀ ਬਣਦੀਆਂ ਹਨ। ਜੋ ਕਿ ਪੰਜਾਬ ਵਿਚ ਨਹੀਂ ਹੁੰਦਾ ਰਿਹਾ। ਅਸੀਂ ਭੀ ਕਈ ਵਾਰੀ ਸੋਚਦੇ ਹਾਂ ਕਿ ਕਿਉਂ ਨਹੀਂ ਹੋ ਰਿਹਾ। ਕਾਫ਼ੀ ਸ਼ਰਮਿੰਦਗੀ ਭੀ ਹੁੰਦੀ ਹੈ ਕਿਉਂਕਿ ਸਾਡਾ ਸਾਹਿਤ ਚੰਗਾ ਸਾਹਿਤ ਹੈ। ਹੁਣ ਭੀ, ਪਿਛਲੇ ਦਸ ਪੰਦਰਾਂ ਸਾਲ ਵਿਚ ਜੋ ਕੁਝ ਲਿਖਿਆ ਗਿਆ ਉਹ ਚੰਗਾ ਹੈ ਪਰ ਉਸਨੂੰ ਫਿਲਮਾਇਆ ਨਹੀਂ ਜਾ ਰਿਹਾ। ਥੀਏਟਰ ਭੀ ਕਾਫ਼ੀ ਘੱਟ ਹੁੰਦਾ ਹੈ। ਖਾਸ ਕਰਕੇ ਜਦੋਂ ਇਤਨੇ ਪੰਜਾਬੀ ਹਨ ਫਿਲਮ ਇੰਡਸਟਰੀ ਵਿਚ ਫਿਰ ਭੀ ਕੋਈ ਇਹੋ ਜਿਹੀ movement ਨਹੀਂ ਸ਼ੁਰੂ ਹੋ ਰਹੀ ਹੈ। ਜਦੋਂ ਬਲਰਾਜ ਸਾਹਨੀ ਜਿਉਂਦੇ ਸਨ, ਉਨ੍ਹਾਂ ਨੂੰ ਤਕਲੀਫ਼ ਜ਼ਰੂਰ ਹੁੰਦੀ ਸੀ। ਹਰ ਦੋ ਚਾਰ ਸਾਲ ਬਾਦ ਉਹ attempt ਕਰਦੇ ਸਨ। "ਸਤਲੁਜ ਦੇ ਕੰਢੇ" ਬਣਾਈ ਸੀ, "ਪਵਿੱਤਰ ਪਾਪੀ" ਰਾਜਿੰਦਰ ਸਿੰਘ ਬੇਦੀ ਨੇ, ਹਾਲਾਂਕਿ ਉਹ ਹਿੰਦੀ ਵਿਚ ਬਣਾਈ ਪਰ atmosphere ਉਸ ਫਿਲਮ ਵਿਚ ਸਾਰਾ ਪੰਜਾਬੀ ਹੈ। ਹੁਣ recently ਸਤਵੰਤ ਢੱਡਾ ਨੇ "ਇਕ ਚਾਦਰ ਮੈਲੀ ਸੀ" ਬਣਾਈ ਹੈ। ਉਹ ਭੀ ਹਿੰਦੀ ਵਿਚ ਕਿਉਂਕਿ ਵੱਡੀ Caste ਹੈ। ਕਿਉਂਕਿ ਵੱਡੇ ਬਜਟ ਦੀ ਫਿਲਮ ਜੇਕਰ ਹੋਵੇ ਤਾਂ ਉਸਨੂੰ ਕਿਸੇ Regional ਫਿਲਮ ਵਿਚ ਬਣਾਉਣਾ ਘਾਟੇ ਦਾ ਸੌਦਾ ਹੋ ਸਕਦਾ ਹੈ।



ਪ੍ਰਸਿੱਧ ਐਕਟਰ ਓਮ ਪੁਰੀ

ਸਵਾਲ : ਤੁਸੀਂ ਸਾਨੂੰ ਆਪਣੇ ਕੈਰੀਅਰ ਬਾਰੇ ਕੁਝ ਦੱਸੋਗੇ ਕਿ ਤੁਸੀਂ ਇਹ ਕੰਮ ਕਿਵੇਂ ਸ਼ੁਰੂ ਕੀਤਾ ?

ਜਵਾਬ : ਇਸ ਤਰ੍ਹਾਂ ਹੈ ਕਿ ਜਦੋਂ ਬਚਪਨ ਵਿਚ ਮੈਂ ਸੀ ਤਾਂ ਮੈਨੂੰ ਫੌਜ ਦਾ ਸ਼ੌਕ ਸੀ ਜਦੋਂ ਕਾਲਜ ਵਿਚ ਆਏ ਤਾਂ ਉਥੇ ਇਕ ਨਾਟਕ ਦਾ ਗਰੁੱਪ ਹਰਪਾਲ ਟਿਵਾਣਾ ਤੇ ਨੀਨਾ ਟਿਵਾਣਾ ਦਾ ਸੀ।

ਸਵਾਲ : ਤੁਸੀਂ ਕਿਸ ਕਾਲਜ ਵਿਚ ਗਏ ?

ਜਵਾਬ : ਖਾਲਸਾ ਕਾਲਜ ਪਟਿਆਲੇ ਵਿਚ। ਯੂਨੀਵਰਸਿਟੀ ਵਿਚ plays ਵਗੈਰਾ ਹੁੰਦੇ ਸਨ। ਉਦੋਂ ਮੇਰੀ ਪਹਿਚਾਣ ਪੰਜਾਬ ਕਲਾ ਮੰਚ ਨਾਲ ਹੋਈ। ਉਹ ਚੰਗੇ ਨਾਟਕ ਕਰਦੇ ਸਨ ਜੋ ਸਾਡੇ ਜ਼ਿੰਦਗੀ ਨਾਲ ਜੁੜੇ ਹੋਏ ਹੁੰਦੇ ਸਨ। ਕੁਛ adaptations ਭੀ ਕਰਦੇ ਸਨ ਬਾਹਰਲੇ ਨਾਟਕ ਦੀਆਂ। ਪੰਜਾਬੀ ਦੇ original ਨਾਟਕ ਭੀ ਜਿਵੇਂ ਕਿ ਹਰਚਰਨ ਸਿੰਘ ਦੇ "ਰੱਤਾ ਸਾਲੂ", ਬਲਵੰਤ ਗਾਰਗੀ ਦਾ "ਕਣਕ ਦੀ ਬੱਲੀ" ਵਗੈਰਾ। ਉਨ੍ਹਾਂ ਦੇ ਨਾਲ ਤਿੰਨ ਸਾਲ ਕੰਮ ਕਰਕੇ ਮੇਰਾ ਝੁਕਾਅ ਰੰਗ ਮੰਚ ਵੱਲ ਨੂੰ ਹੋ ਗਿਆ। ਉਨ੍ਹਾਂ ਤੋਂ ਹੀ ਮੈਨੂੰ ਪਤਾ ਲੱਗਿਆ National School of Drama ਬਾਰੇ ਕਿਉਂਕਿ ਉਹ ਦੋਵੇਂ National School of Drama ਨਾਲ ਸਬੰਧਿਤ ਸਨ।

ਸਵਾਲ : ਤੁਸੀਂ ਆਪਣੇ ਟਰੇਨਿੰਗ ਦੇ ਦੌਰਾਨ ਜੋ ਬਾਕੀ ਸਾਥੀਆਂ ਨਾਲ ਤਜਰਬੇ ਹੋਏ ਉਨ੍ਹਾਂ ਬਾਰੇ ਕੁਝ ਦੱਸੋਗੇ ?

ਸਵਾਲ : ਇਹ ਕੋਰਸ ਤਿੰਨ ਸਾਲ ਦਾ ਸੀ ਦਿੱਲੀ ਨੈਸ਼ਨਲ ਸਕੂਲ ਆਫ ਡਰਾਮਾ ਵਿਚ। ਤੇ ਤਿੰਨ ਸਾਲ ਉਹ ਚੰਗੀ ਟਰੇਨਿੰਗ ਦਿੰਦੇ ਹਨ ਔਰ ਫਿਲਮਾਂ ਬਾਰੇ ਭੀ ਥੋੜ੍ਹਾ ਬਹੁਤ ਦੱਸਦੇ ਹਨ ਹਾਲਾਂਕਿ Main course theatre ਦਾ ਹੀ ਹੈ।

ਸਵਾਲ : ਸੋ ਤੁਸੀਂ ਥੀਏਟਰ ਤੋਂ ਆਪਣਾ ਕੈਰੀਅਰ ਸ਼ੁਰੂ ਕੀਤਾ।

ਜਵਾਬ : ਹਾਂ ਜੀ।

ਸਵਾਲ : ਇਸ ਤੋਂ ਫਿਰ ਤੁਸੀਂ ਫਿਲਮਾਂ ਵੱਲ ਕਿਵੇਂ ਆਏ ?

ਜਵਾਬ : ਫਿਲਮਾਂ ਵੱਲ ਇਸ ਤਰ੍ਹਾਂ ਕਿ ਜੋ ਮੈਨੂੰ ਭਾਸ਼ਾ ਆਉਂਦੀ ਸੀ ਉਹ ਹੈ ਹਿੰਦੀ ਤੇ ਪੰਜਾਬੀ। ਪੰਜਾਬੀ ਮੇਰੀ ਮਾਤਰ ਭਾਸ਼ਾ, ਹਿੰਦੀ ਆਉਂਦੀ ਹੈ। ਦੋਨਾਂ ਭਾਸ਼ਾਵਾਂ ਵਿਚ Professional theatre ਹੈ ਨਹੀਂ ਨਾ ਹਿੰਦੀ ਵਿਚ ਤੇ ਨਾ ਪੰਜਾਬੀ ਵਿਚ। ਤਿੰਨ ਸਾਲ ਦੀ ਟਰੇਨਿੰਗ ਤੋਂ ਬਾਦ ਇਹ ਮਹਿਸੂਸ ਹੋਇਆ ਕਿ ਰੋਟੀ ਭੀ ਕਿਸੇ ਤਰ੍ਹਾਂ ਖਾਣੀ ਹੈ। ਜਾਂ ਤਾਂ ਜ਼ਿਮੀਂਦਾਰ ਹੋਵੋਂ ਜਾਂ ਆਪਣੀ ਘਰ ਦੀ ਫੈਕਟਰੀ ਵਗੈਰਾ ਹੋਵੇ ਤਾਂ ਤੁਸੀਂ ਸ਼ੌਕੀਆ ਨਾਟਕ ਕਰਦੇ ਰਹੋ। ਪਰ ਜੇ ਇਹ ਸੋਚੋ ਕਿ ਇਸਨੂੰ Profession ਬਣਾਉਣਾ ਹੈ, ਰੋਟੀ ਭੀ ਇਸ ਤੋਂ ਕਮਾਉਣੀ ਹੈ ਤੇ ਕੰਮ ਭੀ ਇਹਦੇ ਵਿਚ ਕਰਨਾ ਤਾਂ ਮੁਸ਼ਕਿਲ ਗੱਲ ਹੈ। ਚੁਣਾਉ ਇਹ ਕਰਨਾ ਸੀ ਕਿ ਜਾਂ ਤਾਂ ਕਿਤੇ ਸਕੂਲ ਜਾਂ ਕਾਲਜ ਵਿਚ ਨੌਕਰੀ ਕਰੋ। ਦਿਨ ਨੂੰ ਪੜ੍ਹਾਉ ਤੇ ਸ਼ਾਮ ਨੂੰ ਨਾਟਕ ਕਰੋ ਜੇਕਰ Profssional actor ਬਣਨਾ ਤਾਂ ਫਿਲਮਾਂ ਤੋਂ ਬਿਨਾਂ ਚਾਰਾ ਨਹੀਂ ਸੀ ਦੂਸਰੇ ਉਦੋਂ ਚੰਗੀਆਂ ਫਿਲਮਾਂ ਦੀ ਰਵਾਇਤ ਭੀ ਸ਼ੁਰੂ ਹੋਈ ਸੀ। ਇਹ ਹੈ 70's ਦੀ ਗੱਲ। ਗੁਲਜ਼ਾਰ, ਰਿਸ਼ੀਕੇਸ਼ ਮੁਕਰਜੀ, ਬਾਸੂ ਚੈਟਰਜੀ, ਬਾਸੂ ਭੱਟਾਚਾਰੀਆ ਵਗੈਰਾ ਅੱਗੇ ਆਏ ਸਨ। ਸੋ ਇਕ ਕਿਸਮ ਦਾ middle cinema ਸ਼ੁਰੂ ਹੋਇਆ ਜਿਵੇਂ ਫਿਲਮ ਆਨੰਦ, ਖਾਮੋਸ਼ੀ, ਵਗੈਰਾ ਫਿਲਮਾਂ ਆਈਆਂ।

ਸਵਾਲ : ਤੁਸੀਂ ਹੁਣ ਭੀ ਥੀਏਟਰ ਵਿਚ ਕੰਮ ਕਰਦੇ ਹੋ ਕਦੀ ?

ਜਵਾਬ : ਕਦੀ ਕਦੀ ਕਰਦਾ ਹਾਂ ਪਰ ਪਿਛਲੇ ਤਿੰਨ ਸਾਲ ਤੋਂ ਜ਼ਿਆਦਾ ਨਹੀਂ ਕਰ ਪਾਇਆ।

ਸਵਾਲ : ਐਨੀਆਂ ਫਿਲਮਾਂ ਵਿਚ ਕੰਮ ਕਰਨ ਤੋਂ ਬਾਦ ਜਦੋਂ ਤੁਸੀਂ ਕਿਧਰੇ ਥੀਏਟਰ ਵਿਚ ਜਾਂ ਡਰਾਮੇ ਵਿਚ ਕੰਮ ਕਰਦੇ ਹੋ ਤਾਂ ਕਿਤੇ ਇਹ ਭੀ ਮਹਿਸੂਸ ਕਰਦੇ ਹੋ ਕਿ ਬੜੇ Low level ਦੀ ਚੀਜ਼ ਕਰ ਰਹੇ ਹੋ ?

ਜਵਾਬ : (ਹੱਸਕੇ) ਨਹੀਂ ਨਹੀਂ। ਮੈਂ ਕਿਸੇ ਭੀ Medium ਨੂੰ low ਨਹੀਂ ਸਮਝਦਾ। ਹਰ medium ਦੀ ਆਪਣੀ ਆਪਣੀ limitation ਹੋ ਸਕਦੀ ਹੈ। ਥੀਏਟਰ ਦੀ limitation ਇਹ ਹੈ ਕਿ ਜ਼ਿਆਦਾ ਲੋਕਾਂ ਤੱਕ ਨਹੀਂ ਪਹੁੰਚ ਸਕਦਾ ਪਰ ਇਸਦਾ ਆਪਣਾ ਹੀ charm ਹੈ ਔਰ ਸਿਨੇਮਾ ਦੇਖਣ ਦੀ ਕਿਉਂਕਿ ਲੋਕਾਂ ਨੂੰ ਆਦਤ ਹੈ ਤੇ ਇਕ ਵਾਰੀ ਬਣਾਈ ਫਿਲਮ ਨੂੰ ਲੱਖਾਂ ਲੋਕ ਦੇਖ ਸਕਦੇ ਹਨ। ਥੀਏਟਰ ਤੇ ਇਕ ਟਾਈਮ ਤੇ ਦੋ ਹਜ਼ਾਰ, ਚਾਰ ਹਜ਼ਾਰ ਜਾਂ ਪੰਜ ਹਜ਼ਾਰ ਹੀ ਦੇਖ ਸਕਦੇ ਹਨ।

ਸਵਾਲ : ਬਾਕੀ ਦੇ ਹੋਰ Actors ਜਿਹੜੇ ਥੀਏਟਰ ਤੋਂ ਆਪਣਾ ਕੈਰੀਅਰ ਸ਼ੁਰੂ ਕਰਕੇ ਫਿਲਮਾਂ ਵੱਲ ਗਏ ਹਨ ਕੀ ਉਹ ਭੀ ਥੀਏਟਰ ਬਾਰੇ ਤੁਹਾਡੇ ਵਾਂਗ ਹੀ ਮਹਿਸੂਸ ਕਰਦੇ ਹਨ ਕਿ ਜਾਂ ਉਨ੍ਹਾਂ ਦਾ ਥੀਏਟਰ ਬਾਰੇ ਹੋਰ ਰਵੱਈਆ ਹੈ ?

ਜਵਾਬ : ਕਾਫੀ ਲੋਕ ਇਸੇ ਤਰ੍ਹਾਂ ਮਹਿਸੂਸ ਕਰਦੇ ਹਨ। ਪਰ ਉਹ ਮਹਿਸੂਸ ਕਰਨ ਦਾ ਕੀ ਫਾਇਦਾ ਜਦੋਂ ਤੁਸੀਂ ਉਸ ਬਾਰੇ ਕੁਝ ਕਰ ਨਹੀਂ ਰਹੇ। ਮੈਂ ਆਪਣੇ ਆਪ ਨੂੰ ਉਸ ਵਿਚ ਹੀ ਗਿਣਦਾ ਹਾਂ। ਮੇਰਾ ਸਿਰਫ ਮਹਿਸੂਸ ਕਰਨਾ ਹੀ ਕਿ ਕੀ ਹੋਣਾ ਚਾਹੀਦਾ ਕਾਫੀ ਨਹੀਂ। ਜੇਕਰ ਸਾਰੇ ਇਹੀ ਕਹਿੰਦੇ ਰਹਿਣ ਕਿ ਹੋਣਾ ਚਾਹੀਦਾ ਪਰ ਕਰੂ ਕੌਣ।

ਸਵਾਲ : ਹੁਣ ਜਦੋਂ ਕਿ ਫਿਲਮਾਂ ਐਡੀ ਵੱਡੀ ਪੱਧਰ ਤੇ ਵੱਡੀਆਂ ਵੱਡੀਆਂ multi star caste ਬਣਦੀਆਂ ਹਨ ਤੇ ਲੋਕਾਂ ਦਾ ਸਾਰਾ ਧਿਆਨ ਫਿਲਮਾਂ ਨੇ ਖਿਚ ਲਿਆ ਹੈ। ਐਸੀ ਹਾਲਤ ਵਿਚ ਹਿੰਦੁਸਤਾਨ ਵਿਚ ਥੀਏਟਰ ਦਾ ਭਵਿਖ ਤੁਹਾਨੂੰ ਕਿਹੋ ਜਿਹਾ ਨਜ਼ਰ ਆਉਂਦਾ ਹੈ ?

ਜਵਾਬ : ਇਸ ਲਿਹਾਜ ਨਾਲ ਤਾਂ ਤੁਸੀਂ ਫਿਲਮਾਂ ਬਾਰੇ ਭੀ ਇਵੇਂ ਹੀ ਕਹਿ ਸਕਦੇ ਹੋ ਕਿ ਜੀ ਹੁਣ ਵੀਡੀਓ ਆ ਗਿਆ, ਫਿਲਮਾਂ ਦੀ ਕੀ ਬਣੂੰ। ਹੋ ਸਕਦਾ ਹੈ ਕਿ ਕੱਲ੍ਹ ਨੂੰ ਕੋਈ ਹੋਰ ਭੀ ਨਵੀਂ ਈਜ਼ਾਦ ਹੋ ਜਾਵੇ ਜਿਸ ਨਾਲ ਵੀਡੀਓ ਦਾ ਭੀ ਕੋਈ ਹੋਰ ਰੂਪ ਬਣ ਜਾਵੇ। ਪਰ ਜੋ ਕੁਝ ਭੀ ਹੈ ਥੀਏਟਰ ਦੀ ਇਕ ਆਪਣੀ ਥਾਂ ਹੈ ਅਤੇ ਉਹ ਰਵੇਗੀ। ਫਰਜ਼ ਕਰੋ ਕਿ classical music ਹੈ। ਜਿਹਨਾਂ ਲੋਕਾਂ ਨੂੰ ਉਹ ਪਸੰਦ ਹੈ ਉਹ ਪਸੰਦ ਕਰਦੇ ਹੀ ਰਹਿਣਗੇ ਭਾਵੇਂ Pop music ਆ ਜਾਵੇ ਭਾਵੇਂ Beattles ਆ ਜਾਣ ਜਾਂ ਹੋਰ ਭੀ ਕੋਈ ਆ ਜਾਵੇ। ਪਰ ਜੋ ਕਲਾਸੀਕਲ ਮਿਊਜ਼ਕ ਹੈ ਉਹ ਮਰਦਾ ਨਹੀਂ ਹੈ। ਸੋ ਇਸੇ ਤਰ੍ਹਾਂ ਨਾਲ ਥੀਏਟਰ ਬਾਰੇ ਕਹਿ ਸਕਦੇ ਹਾਂ।

MUSIC IS LIFE

# MANN MUSIC VIDEO & PHOTO STUDIO

6512 MAIN ST., VANCOUVER, B.C.

PH. (604) 321-6667

ਪੂਰੀ ਬੀ. ਸੀ. ਵਿਚ

## ਗਾਣਿਆਂ ਤੇ ਵੀਡੀਓ ਦਾ ਭੰਡਾਰ

ਪੰਜਾਬੀ ਗੀਤ, ਗ਼ਜ਼ਲਾਂ ਤੇ ਧਾਰਮਿਕ ਟੇਪਾਂ ਦਾ ਭੰਡਾਰ
ਨਵੀਆਂ ਤੇ ਪੁਰਾਣੀਆਂ ਮੂਵੀਆਂ ਦੇ ਵਧੀਆ ਪ੍ਰਿੰਟ



ਸਿੱਖ ਸੰਗਤਾਂ ਦੀ ਮੰਗ 'ਤੇ ਮਾਨ ਮਿਊਜ਼ਿਕ ਵੀਡੀਓ ਐਂਡ ਫੋਟੋ ਸਟੂਡੀਓ ਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਪਵਿੱਤਰ ਸਰੂਪ ਇਕੱਲੇ ਇਕੱਲੇ ਅੱਖਰਾਂ ਵਿਚ ਬਹੁਤ ਹੀ ਚੰਗੀ ਛਪਾਈ 'ਚ ਮੋਮੀ ਕਾਗਜ਼ ਦੇ ਦਰਮਿਆਨੇ ਅਤੇ ਵੱਡੇ ਸਾਈਜ਼ ਵਿਚ ਪਹੁੰਚ ਗਏ ਹਨ — ਜੋ ਕਿ ਸਤਿਕਾਰ ਸਹਿਤ ਭੇਟਾ ਨਾਲ ਮਿਲ ਸਕਦੇ ਹਨ

ਗੁਰੂ ਮਹਾਰਾਜ ਦੇ ਚੌਰ — ਵੱਖ ਵੱਖ ਸਾਈਜ਼ਾਂ ਦੀਆਂ ਕ੍ਰਿਪਾਨਾਂ — ਢੋਲਕੀਆਂ, ਚਿਮਟੇ, ਖੜਤਾਲਾਂ, ਡਫਰੀਆਂ — ਤਬਲੇ, ਹਰਮੋਨੀਅਮ — ਸਾਰੰਗੀਆਂ ਸਤਾਰਾਂ ਸੰਖ ਘੁੰਗਰੂ ਅਤੇ ਹਰ ਕਿਸਮ ਦੀਆਂ ਕਿਤਾਬਾਂ ਅਤੇ ਕੇਂਦਰੀ ਸਿੱਖ ਅਜਾਇਬ ਘਰ ਅੰਮ੍ਰਿਤਸਰ ਦੀਆਂ ਬਹੁ ਮੁੱਲੀਆਂ ਤਸਵੀਰਾਂ ਦਾ ਸੈਟ ਹਰ ਸਮੇਂ ਮਿਲ ਸਕਦਾ ਹੈ

**ਇੰਡੀਆ, ਇੰਗਲੈਂਡ, ਫੀਜ਼ੀ, ਅਫਰੀਕਾ ਦੀ ਵੀਡੀਓ ਮੂਵੀ ਨੂੰ ਕੈਨੇਡਾ ਦੇ ਸਿਸਟਮ ਤੇ ਡਿਜ਼ਟਿਲ ਮਸ਼ੀਨ ਨਾਲ ਕਨਵਰਟ ਕਰਾਉ — 10 ਡਾਲਰ ਘੰਟੇ ਵਿਚ ਸ਼ਰਤੀਆ ਹੀ ਵਧੀਆ ਪ੍ਰਿੰਟ ਹੋਵੇਗਾ**



ਪਾਸਪੋਰਟ, ਵੀਜ਼ਾ ਸਿਟੀਜਨ ਫੋਟੋ 5 ਮਿੰਟ ਵਿਚ ਤਿਆਰ

## ਵਿਆਹ ਦੀ ਵੀਡੀਓ ਜਾਂ ਫੋਟੋਆਂ ਲਈ ਮਾਨ ਮਿਊਜ਼ਿਕ ਤੇ ਦਰਸ਼ਨ ਦਿਓ

ਹੋਰ ਜਾਣਕਾਰੀ ਲਈ 'ਸੰਗੀਤ ਸੰਸਾਰ' ਰੇਡੀਓ ਪ੍ਰੋਗਰਾਮ ਸੁਣੋ

ਹਰ ਸ਼ਨਿਚਰਵਾਰ 5 ਵਜੇ ਤੋਂ 8.30 ਵਜੇ ਤੱਕ ਸ਼ਾਮ
ਰੇਡੀਓ 1470 AM or 103 FM (Cable Only)

# S & D PROMOTIONS

## PROUDLY PRESENTS

# ਹਰਭਜਨ ਮਾਨ ਐਂਡ ਪਾਰਟੀ

## ਪੰਜਾਬੀ ਸਭਿਆਚਾਰਕ ਪ੍ਰੋਗਰਾਮ

- ਬਾਪੂ ਤੇਰੇ ਕੁੜਮਾਂ ਨੇ
- ਤੇਰੀਆਂ ਬਲੌਰੀ ਅੱਖਾਂ
- ਇਸ਼ਕ ਦੀ ਬੁਰੀ ਬੀਮਾਰੀ
- ਦੋ ਨੈਣ ਤੇਰੇ ਦੋ ਨੈਣ ਮੇਰੇ
- ਬੋਲੀਆਂ



- ਦਿਲੀ ਮੇਰੀ ਅੱਡੀ
- ਦੇਖੀਂ ਪਿਆਰ ਨਾ ਪਾਵੀਂ
- ਅਸੀਂ ਸਾਂਭਦੇ ਰਹੇ ਦਿਲ
- ਇਸ਼ਕ ਦੇ ਮਾਮਲੇ ਅਵੱਲੇ
- ਕੁੜੀ ਜ਼ਹਿਰ ਦੀ ਪੁੜੀ



* ਗੁਰਸੇਵਕ ਮਾਨ *



ਹਾਸਿਆਂ ਦਾ ਬਾਦਸ਼ਾਹ ਹਰਮਿੰਦਰ ਕਿੱਟੀ

## ਲੋਕਾਂ ਦੀ ਪੁਰਜ਼ੋਰ ਮੰਗ ਤੇ ਇਕ ਵਾਰ ਫਿਰ ਤੁਹਾਡੇ ਸ਼ਹਿਰ ਵਿਚ ਆਪਣੇ 7 ਕਲਾਕਾਰ ਸਾਥੀਆਂ ਨਾਲ ਖੂਬਸੂਰਤ ਅਤੇ ਸਭਿਆਚਾਰਕ ਪ੍ਰੋਗਰਾਮ ਲੈ ਕੇ ਪੇਸ਼ ਹੋ ਰਹੇ ਹਨ



ਦਵਿੰਦਰ ਕੈਂਥ — ਤਬਲਾ ਤੇ ਢੋਲਕ



ਸੁਰਿੰਦਰ ਲੱਡੂ - ਮੈਂਡੋਲਿਨ ਅਤੇ ਵਾਇਲਿਨ



ਰਣਜੀਤ ਸਿਘ — ਗਿਟਾਰ



ਸਰਦੂਲ ਰੰਧਾਵਾ — ਗਾਇਕ



* ਨਵਰਾਜ ਗਿੱਲ *

## ਤਾਰੀਖ : ਸ਼ਨਿਚਰਵਾਰ, ਜੁਲਾਈ 23, 1988 ਸ਼ਾਮ ਦੇ 7 ਵਜੇ

**ਜਗ੍ਹਾ : SUB Theatre (89 Ave., & 114 St.)**
**University of Alberta**

**Tickets Available at :**

- J.J. Insurance Brokers
  Harjit Judge
  4208 A - 66 St. — Ph. 463-9523
- Kundan Sweet House
  4218 - 66 St. — Ph. 461-9642
- Spice Bazar
  9240 - 34 Ave. — Ph. 463-5208
- Spice Land
  Cash & Carry Ltd.
  3920 - 91 St. — Ph. 463-5877

## ਟਿਕਟਾਂ : $8.00

ਹੋਰ ਜਾਣਕਾਰੀ ਲਈ ਫ਼ੋਨ ਕਰੋ :
ਮੰਦਰ ਸਿੱਧੂ :
ਤਰਲੋਚਨ ਦਿਉਲ **462-4111**

# GILL AUTO SALES




7762 - Edmonds St., Burnaby, B.C.

DLR #8220

OPEN MON.—FRI. 9 AM-8 PM — SAT. 9 AM-6 PM — SUN. 10 AM-4 PM

## ਕਾਰਾਂ ਉਤੇ ਸਪੈਸ਼ਲ ਸੇਲ

ਸਾਡੇ ਕੋਲ ਹਰ ਮਾਡਲ ਦੀਆਂ
ਕਾਰਾਂ ਹਨ — ਦੇਖਣ ਲਈ
ਅੱਜ ਹੀ ਪੁੱਜੋ — ਵਾਜਬ
ਕੀਮਤਾਂ

# GILL VANS




## Conversions & Accessories

Bench Seats installed from ........................................ $300
Captain Chairs with swivel bases, custom made from ..... pr. $390
Sofa bed Deluxe from ................................................ $475
Bay Windows installed from ..................................... $99
Complete Van Interior from ........................................ $725
Raised Roof installed from ........................................ $850
Used Factory Seats with bases from pr. $90

■ Accessories ■ Service ■ Installations ■ Auto Upholstery

CALL **522-2122** COLLECT